ਰੋਹੀ ਦਾ ਲਾਲ ਹਰਦੇਵ ਅਰਸ਼ੀ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

ਪਾਣੀ ਪੀਤਾ ਵਾਰ ਜਿਸ
ਦਰ ਚੋਇਆ ਸੀ ਤੇਲ
ਉਹ ਸੱਸ ਬਿਰਧ ਆਸ਼ਰਮ
ਨੂੰਹ ਰਚਾਇਆ ਖੇਲ੍ਹ
- ਪੋ. ਦਾਤਾਰ ਸਿੰਘ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 9 ਅਪ੍ਰੈਲ 2023

www.nawanzamana.in

ਕੀਮਤ 5.00 ਰੁਪਏ

ਅਜੋਕੇ ਸਰੋਕਾਰ

ਕਾਮਰੇਡ ਜਗਰੂਪ

ਫਾਸ਼ੀਵਾਦ ਅਤੇ ਫਾਸ਼ੀਵਾਦ ਵਿਰੋਧੀ ਮੋਰਚਾ-3

(ਲੜੀ-5)

ਹਰ ਹਵਾਲਾ ਜਾਂ ਕਹਾਣੀ ਮਹੱਤਵ ਰੱਖਦੀ ਹੈ। ਉਸ ਵਿੱਚੋਂ ਮਿਲਦੀ ਸਮਝ, ਸਬਕ ਅਤੇ ਸੇਧ ਸਾਂਭਣੀ, ਵਰਤਣੀ ਹੁੰਦੀ ਹੈ। ਅਮਲ ਕਰਨਾ ਹੁੰਦਾ ਹੈ। ਪਿਛਲੇ ਦਹਾਕੇ ਰਾਜਨੀਤੀ ਮੰਚ ਤੋਂ ਇਕ ਕਹਾਣੀ ਬੜੇ ਵਾਰ ਬੋਲੀ/ਸੁਣੀ ਗਈ। "ਜੰਗਲ ਨੂੰ ਅੱਗ ਲੱਗੀ ਸੀ, ਸਾਰੇ ਬੁਝਾਉਣ ਵਾਲਿਆਂ ਵਿਚ ਇਕ ਚਿੜੀ ਵੀ, ਆਪਣੀ ਚੁੰਝ ਭਰ ਕੇ ਆਵੇ, ਅੱਗ 'ਤੇ ਪਾਣੀ ਪਾਵੇ; ਕਿਸੇ ਕਿਹਾ, ਚਿੜੀਏ ਤੇਰੀ ਚੁੰਝ ਦੇ ਪਾਣੀ ਨਾਲ ਕੀ ਬਣਦੈ ?" ਚਿੜੀ ਦਾ ਜਵਾਬ ਕਾਬਲੇ-ਗੌਰ ਹੈ : ਜਦੋਂ ਇਤਿਹਾਸ ਜ਼ਿਕਰ ਕਰੇਗਾ ਕਿ ਕੌਣ ਅੱਗ ਲਾਉਣ ਵਾਲਿਆਂ 'ਚ ਸੀ ? ਅਤੇ ਕੌਣ-ਕੌਣ ਅੱਗ ਬੁਝਾਉਣ ਵਾਲਿਆਂ ਵਿਚ ਸੀ ? ਤਾਂ ਮੇਰਾ ਨਾਂਅ "ਅੱਗ ਬੁਝਾਉਣ ਵਾਲਿਆਂ ਵਿਚ ਬੋਲੇਗਾ"।

ਹੁਣ ਜਮਹੂਰੀਅਤ (ਲੋਕਰਾਜ, ਲੋਕਤੰਤਰ) ਦੇ ਸਵਾਲ 'ਤੇ, ਸਮਾਜ ਦੋ ਗੁੱਟਾਂ ਵਿਚ ਵੰਡਿਆ ਜਾਣਾ ਤੇਜ਼ੀ ਫੜ ਰਿਹੈ। ਕੌਣ ਕਿਸ ਪਾਸੇ ਹੈ ? ਹਰ ਇਕ ਦਾ "ਜਮਹੂਰੀ" ਅਤੇ "ਗੈਰ ਜਮਹੂਰੀ" ਰੰਗ ਉੱਘੜ ਰਿਹਾ ਹੈ। ਇਹ ਅਮਲ ਵਿਚ ਵਾਪਰ ਰਿਹੈ। ਪਾਰਟੀਆਂ ਦੀ ਟੁੱਟ-ਭੱਜ ਵਿਚ, ਆਗੂ, ਹਿੱਤਾਂ ਅਨੁਸਾਰ ਥਾਂ-ਬਦਲੀ ਪ੍ਰਗਟਾਅ ਰਹੇ ਹਨ। ਸਪੱਸ਼ਟ ਹੈ, ਸਾਰੇ "ਗੈਰ-ਜਮਹੂਰੀ" ਇਕ ਪਾਸੇ ਇਕੱਠੇ ਹੋਣਾ ਤੇਜ਼ੀ ਫੜ ਰਿਹਾ ਹੈ।

ਦੂਜੇ ਪਾਸੇ "ਜਮਹੂਰੀ-ਸ਼ਕਤੀਆਂ" ਅੰਦਰ ਚੇਤਨਾ ਦੀ ਅੱਗ ਸੁਲਘ ਰਹੀ ਹੈ, ਹਿੱਤ ਜਾਗ ਰਹੇ ਹਨ।

"ਜਬੈ ਬਾਣ ਲਾਗੇਯੋ ਤਬੈ ਰੋਸ ਜਾਗੇਯੋ"। ਇੱਥੇ ਹੁਣ ਦ੍ਰਿੜ੍ਹ ਇਰਾਦੇ ਅਤੇ ਸਿਧਾਂਤ ਦੀ ਪ੍ਰਪੱਕ ਸੇਧ ਵਾਲੀ, ਸਿਆਣੀ ਤੇ ਸਯੋਗ, ਅਡੋਲ ਅਗਵਾਈ ਦੀ ਲੋੜ ਹੈ।

ਇਹ ਕਰਾਮਾਤ ਕੋਈ ਕੱਲਾ-ਕਾਹਰਾ ਵਿਅਕਤੀ ਤਾਂ ਕੀ, ਕੋਈ ਗਰੁੱਪ ਜਾਂ ਇਕ ਪਾਰਟੀ ਵੀ ਕਰਨ ਵਿਚ ਅਸਮਰੱਥ ਹੋਵੇਗੀ। ਇਸ ਨੂੰ ਜਮਹੂਰੀਅਤ ਦੇ ਸਭ ਸਮਰਥਕ ਮਿਲ ਕੇ ਪੂਰਾ ਕਰ ਸਕਦੇ ਹਨ ਅਤੇ ਕਰਨਗੇ, ਕਿਉਂਕਿ ਬਹੁਤ ਵੱਡੀ ਗਿਣਤੀ ਦੀ ਸਮਾਜਿਕ ਲੋੜ ਹੈ।

ਪਰ ਇਸ ਸਮਝ ਦੀ ਰੌਸ਼ਨੀ ਵਿਚ ਨੀਂਹ (ਬੁਨਿਆਦ) ਤੋਂ ਉਸਾਰੀ ਦੇ ਅਰੰਭ ਦਾ ਵਿਗਿਆਨ, "ਜਮਾਤੀ-ਘੋਲ" ਧਿਆਨ ਵਿੱਚ ਰਹੇ, ਇਹ ਲਾਜ਼ਮੀ ਹੈ। ਇਹ (ਸਾਂਝਾ ਮੋਰਚਾ) ਸਮਾਜਿਕ ਦੁਸ਼ਵਾਰੀਆਂ ਤੋਂ ਮੁਕਤੀ ਅਤੇ ਸਮਾਜਿਕ ਭਲਾਈ ਲਈ, ਸਮਾਜਿਕ ਲਹਿਰ ਦੀ ਉਸਾਰੀ ਦਾ ਮਾਮਲਾ ਹੈ। ਇਹ ਮਕਾਨ ਉਸਾਰੀ ਦੇ ਠੋਸ ਕਾਰਜ ਤੋਂ ਭਿੰਨ, ਸੂਖਮ ਅਤੇ ਸੰਵੇਦਨ ਹੁੰਦਾ ਹੈ। ਇਹ ਇੱਟਾਂ-ਪੱਥਰਾਂ ਦੀ ਸੇਧ-ਉਸਾਰੀ ਦੀ ਥਾਂ ਜਮਾਤੀ ਹਿੱਤਾਂ, ਮਨਾਂ ਦੀ ਸਮਾਜਿਕ ਸਾਂਝ ਉਸਾਰੀ ਹੈ। ਮਕਾਨ ਉਸਾਰੀ ਵਿਚ "ਸੂਤ" ਦੀ ਸੇਧ ਕੰਮ ਕਰਦੀ ਹੈ ਅਤੇ ਮੁਕਤੀ ਦੀ ਸਮਾਜਿਕ ਲਹਿਰ ਉਸਾਰੀ ਵਿਚ ਜਮਾਤੀ ਤੇ ਮਨੁੱਖੀ-ਹਿੱਤਾਂ ਦੀ ਚੇਤਨ-ਸਾਂਝ, "ਸੂਤ" ਦਾ ਥਾਂ ਲੈ ਲੈਂਦੀ ਹੈ।

ਦਮਿਤਰੋਵ ਦੀ ਸਾਂਝਾ ਮੋਰਚਾ ਰਿਪੋਰਟ ਵਿਚ ਆੜੇ ਆਈਆਂ ਸਮੱਸਿਆਵਾਂ ਅਤੇ ਉਨ੍ਹਾਂ ਨੂੰ ਨਜਿੱਠਣ ਢੰਗ ਦਾ ਅਧਿਐਨ ਅਤੇ ਮਿਲਦੀ ਸੇਧ ਅੱਜ ਵੀ ਵੱਡਮੁੱਲਾ ਹੈ, ਪਰ ਇਹ ਕਠ-ਮੁੱਲੇ ਰੂਪ ਵਿਚ, ਹੂ-ਬ-ਹੂ ਨਹੀਂ, ਸਗੋਂ ਗਤੀਸ਼ੀਲ ਰੂਪ ਵਿੱਚ, ਬਦਲੇ ਹਾਲਾਤ ਵਿਚ ਸਿਧਾਂਤਕ ਸੇਧ ਲੈਣ ਲਈ ਹੋਵੇ। ਰਿਪੋਰਟ ਦੇ ਕਿਤਾਬੀ ਰੂਪ ਵਿਚ ਇਸ ਨੂੰ ;

"ਸਾਂਝੇ ਮੋਰਚੇ ਦੇ ਵਿਰੋਧੀਆਂ ਦੀਆਂ ਮੁੱਖ ਦਲੀਲਾਂ"

ਸਿਰਲੇਖ ਹੇਠ ਵਿਚਾਰਿਆ ਮਿਲਦਾ ਹੈ। ਇਹ ਭਾਗ, ਸਾਰੀ ਕਿਤਾਬ ਵਾਂਗ ਪੜ੍ਹਨ-ਸਮਝਣ ਯੋਗ ਹੈ। ਇਸ ਵਿਚ ਵਿਰੋਧ ਦੀਆਂ ਦਲੀਲਾਂ (ਢੁੱਚਰਾਂ) ਅਤੇ ਉਹਨਾ ਦਾ ਜਵਾਬ ਦੋਵੇਂ ਵਾਰੋ-ਵਾਰੀ ਹਨ।

> ਫਾਸ਼ਿਜ਼ਮ ਦਾ ਵੱਡਾ ਹਮਲਾ ਮਜ਼ਦੂਰ ਜਮਾਤ, ਮਿਹਨਤਕਸ਼ਾਂ ਉੱਪਰ ਹੁੰਦਾ ਹੈ। ਇਸੇ ਕਰਕੇ ਮੱਧ-ਵਰਗ ਦੀਆਂ ਪਾਰਟੀਆਂ ਦੇ ਆਗੂ ਆਪਣੇ ਉੱਪਰ ਹਮਲੇ ਹੋਣ ਤੱਕ ਖਾਮੋਸ਼ ਦਰਸ਼ਕ ਵਜੋਂ ਵਿਚਾਰਦੇ ਹਨ। ਫਿਰ ਉਹਨਾ ਦੀ ਵਾਰੀ ਆਉਂਦੀ ਹੈ, ਕਿਉਂਕਿ "ਅਜ਼ਾਦੀ, ਬਰਾਬਰੀ ਅਤੇ ਭਰੱਪਾ'' ਦੇ ਫਲਸਫੇ, "ਅਦਰਸ਼ਕ-ਸੱਭਿਆਚਾਰ'' (ਜਮਹੂਰੀਅਤ) ਦੀ ਮੁਕੰਮਲ ਬਰਬਾਦੀ ਬਗੈਰ, ਫਾਸ਼ੀਵਾਦ ਆਪਣੀ ਹਿੱਤ-ਪੂਰਤੀ ਨਹੀਂ ਕਰ ਸਕਦਾ, ਇਸ ਲਈ ਉਹ "ਸੋਸ਼ਲ-ਡੈਮੋਕਰੇਟ'' ਨੀਤੀਆਂ ਨੂੰ ਵੀ ਬਰਦਾਸ਼ਤ ਨਹੀਂ ਕਰਦਾ।

ਨੀਮ ਹਕੀਮ ਖਤਰਾ ਏ ਜਾਨ

ਸਪੱਸ਼ਟ ਹੈ : ਇਹ ਸਾਂਝੇ ਹਿੱਤਾਂ ਦਾ, ਸਾਂਝੇ ਦੁਸ਼ਮਣ ਵਿਰੁੱਧ, ਸਾਂਝਾ ਮੋਰਚਾ ਹੈ। ਇਸ ਵਿਚ ਕਿਸੇ ਨੂੰ ਵੀ ਆਪਣੇ ਜਮਾਤੀ ਹਿੱਤ ਤਿਆਗਣ ਲਈ ਪਾਬੰਧ ਨਹੀਂ ਕੀਤਾ ਜਾ ਸਕਦਾ। ਅਜਿਹਾ ਕਰਨ ਨਾਲ ਸਾਂਝੇ ਹਿੱਤ ਨੂੰ ਠੇਸ ਪੁੱਜਦੀ ਹੈ। ਇਹ ਸਾਂਝੇ ਦੁਸ਼ਮਣ ਵਿਰੁੱਧ, ਸੇਧਤ, ਸਾਂਝਾ ਮੋਰਚਾ ਹੋ ਕੇ ਹੀ ਨਤੀਜੇ ਦੇਣ ਯੋਗ ਹੈ।

ਸਾਂਝੀਵਾਲੀਏ (ਕਮਿਊਨਿਸਟ) ਇਸ ਦੇ ਕੇਂਦਰ ਵਿੱਚ ਕਿਉਂ ਆ ਜਾਂਦੇ ਹਨ ?

ਇਹ (ਸਾਂਝੀਵਾਲ) ਅਨੁਪਾਤਕ ਛੋਟੀ ਸ਼ਕਤੀ, ਘੱਟ-ਗਿਣਤੀ ਹੁੰਦਿਆਂ ਵੀ ਬੁਨਿਆਦੀ ਕਿਉਂ ਹਨ ?

ਰਿਪੋਰਟ ਜਵਾਬ ਕਹਿੰਦੀ ਹੈ :

"ਕਿਉਂਕਿ ਮਜ਼ਦੂਰ ਲਹਿਰ ਦੇ ਸਮੁੱਚੇ ਤਜਰਬੇ ਨੇ ਦਿਖਾ ਦਿੱਤਾ ਹੈ ਕਿ ਕਮਿਊਨਿਸਟ (ਸਾਂਝੀਵਾਲੀਏ) ਗਿਣਤੀ ਦੇ ਪੱਖੋਂ ਅਨੁਪਾਤਨ ਘੱਟ ਮਹੱਤਤਾ ਰੱਖਦਿਆਂ ਵੀ ਪਰੋਲਤਾਰੀ ਦੀ ਲੜਾਕੂ ਸਰਗਰਮੀ ਦੀ ਚਾਲਕ ਸ਼ਕਤੀ ਹੁੰਦੇ ਹਨ।"

"ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ
ਨਾਨਕ ਤਿੰਨਕੇ ਸੰਗ ਸਾਥ ਵਡਿਆ ਸਿਉ ਕਿਆ ਰੀਸ।।"

ਅਤੇ "ਪਰੋਲਤਾਰੀਆ, ਨਵੀਨ-ਕਿਰਤੀ-ਜਮਾਤ ਸਭ ਤੋਂ ਵੱਧ ਇਨਕਲਾਬੀ ਹੈ"; ਜਿਹੇ ਦਿਸ਼ਾ ਸੂਚਕ ਕਥਨ, ਕੇਵਲ ਰੱਟਾ ਮਾਰਨ ਲਈ ਨਹੀਂ ਹੁੰਦੇ, ਇਹ ਸੇਧ ਲੈਣ, ਅਮਲ ਵਿਚ ਵਰਤੋਂ ਕਰਨ ਲਈ ਵਧੇਰੇ ਹੁੰਦੇ ਹਨ।

ਫਾਸ਼ਿਜ਼ਮ ਦਾ ਵੱਡਾ ਹਮਲਾ ਮਜ਼ਦੂਰ ਜਮਾਤ, ਮਿਹਨਤਕਸ਼ਾਂ ਉਪਰ ਹੁੰਦਾ ਹੈ। ਇਸੇ ਕਰਕੇ ਮੱਧ-ਵਰਗ ਦੀਆਂ ਪਾਰਟੀਆਂ ਦੇ ਆਗੂ ਆਪਣੇ ਉਪਰ ਹਮਲੇ ਹੋਣ ਤੱਕ ਖਾਮੋਸ਼ ਦਰਸ਼ਕ ਵਜੋਂ ਵਿਚਾਰਦੇ ਹਨ। ਫਿਰ ਉਹਨਾ ਦੀ ਵਾਰੀ ਆਉਂਦੀ ਹੈ, ਕਿਉਂਕਿ "ਆਜ਼ਾਦੀ, ਬਰਾਬਰੀ ਅਤੇ ਭਰੱਪਾ" ਦੇ ਫਲਸਫੇ, "ਅਦਰਸ਼ਕ-ਸੱਭਿਆਚਾਰ" (ਜਮਹੂਰੀਅਤ) ਦੀ ਮੁਕੰਮਲ ਬਰਬਾਦੀ ਬਗੈਰ, ਫਾਸ਼ੀਵਾਦ ਆਪਣੀ ਹਿੱਤ-ਪੂਰਤੀ ਨਹੀਂ ਕਰ ਸਕਦਾ, ਇਸ ਲਈ ਉਹ "ਸੋਸ਼ਲ-ਡੈਮੋਕਰੇਟ" ਨੀਤੀਆਂ ਨੂੰ ਵੀ ਬਰਦਾਸ਼ਤ ਨਹੀਂ ਕਰਦਾ।

ਚੇਤਨਾ ਉੱਥੇ ਪਹਿਲਾਂ ਦਸਤਕ ਦਿੰਦੀ ਹੈ, ਜਿੱਥੇ ਹਮਲੇ ਦਾ ਪਹਿਲਾਂ ਅਸਰ ਹੁੰਦਾ ਹੈ। ਪਰੋਲਤਾਰੀਏ ਦੀ ਚੇਤਨ ਧਿਰ, "ਹਰਿਆਵਲ" ਦਸਤਾ (ਕਮਿਊਨਿਸਟ) ਇਸ ਦਾ, ਸੋਸ਼ਲ-ਡੈਮੋਕਰੇਟਾਂ ਨਾਲੋਂ ਪਹਿਲਾਂ ਅਨੁਭਵ ਕਰ ਲੈਂਦੇ ਹਨ। ਇਸ ਲਈ ਉਹ (ਸਾਂਝਾ ਮੋਰਚਾ ਉਸਾਰੀ ਦੀ) ਪਹਿਲ ਕਰਦੇ ਹਨ ਅਤੇ ਉਹ ਫਾਸ਼ਿਜ਼ਮ ਵਿਰੁੱਧ ਮੋਰਚੇ ਨੂੰ "ਜਨਤਕ ਮੋਰਚਾ" ਬਣਾਉਣ ਲਈ ਹੰਭਲਾ ਜਾਰੀ ਰੱਖਦੇ ਹਨ।

'ਸਾਂਝੇ ਮੋਰਚੇ' ਦੇ ਸੱਦੇ ਪ੍ਰਤੀ, ਦੂਜੀਆਂ ਸਮਾਜੀ ਪਰਤਾਂ ਦੇ ਰਵੱਈਏ ਨੂੰ ਰਿਪੋਰਟ ਬਾਖੂਬੀ ਵਿਚਾਰਦਿਆਂ ਸੇਧ ਦਿੰਦੀ ਹੈ। ਅਸੀਂ ਇਸ ਤੋਂ ਸਿੱਖਣਾ ਹੈ, ਇਹ ਅਮੀਰ ਤਜਰਬਾ ਹੈ, ਤਜਰਬੇ ਤੋਂ ਮੱਤ ਨਾ ਲੈਣੀ, ਅਕਲਮੰਦੀ ਨਹੀਂ ਕਹਾਉਂਦੀ। ਜੇਤੂ ਹੋਣ ਲਈ ਅਕਲਮੰਦੀ ਅਤੇ ਚੇਤਨ ਚੌਕਸੀ ਦੀ ਲੋੜ ਹੈ। ਰਿਪੋਰਟ 'ਚ ਦਰਜ ਹੈ : ਕੁਝ ਕਹਿੰਦੇ ਹਨ :

"ਸਾਂਝੇ ਮੋਰਚੇ ਦਾ ਨਾਹਰਾ ਮਹਿਜ਼ ਕਮਿਊਨਿਸਟ ਚਾਲ ਹੈ।" ਉਹਨਾ ਨੂੰ ਜਵਾਬ ਹੈ :

"ਜੇ ਇਹ ਇਕ ਚਾਲ ਹੈ ਤਾਂ ਤੁਸੀਂ ਇਮਾਨਦਾਰੀ ਨਾਲ ਇਸ ਵਿਚ ਸ਼ਾਮਲ ਹੋ ਕੇ ਚਾਲ ਨੂੰ ਨੰਗਾ ਕਿਉਂ ਨਹੀ ਕਰਦੇ ?"

ਦੂਸਰੇ ਆਖਦੇ ਹਨ : "ਕਮਿਊਨਿਸਟ ਸਾਡੇ 'ਤੇ ਹਮਲਾ ਕਰਦੇ ਹਨ"।

ਤੀਜੇ ਆਖਦੇ ਹਨ, "ਅਸੀਂ ਕਮਿਊਨਿਸਟਾਂ ਨਾਲ ਸਾਂਝਾ ਮੋਰਚਾ ਨਹੀਂ ਬਣਾ ਸਕਦੇ, ਕਿਉਂਕਿ ਇਹਨਾਂ ਦਾ ਪ੍ਰੋਗਰਾਮ ਵੱਖਰਾ ਹੈ।"

ਰਿਪੋਰਟ ਜਵਾਬ ਦਿੰਦੀ ਹੈ, ਪਰ 'ਤੁਸੀਂ ਵੱਖਰੇ ਪ੍ਰੋਗਰਾਮ ਵਾਲਿਆਂ ਨਾਲ ਕੁਲੀਸ਼ਨਾਂ (ਸਰਕਾਰ) ਵਿਚ ਸ਼ਾਮਲ ਹੋਣ ਵੇਲੇ, ਨਾ ਤੁਹਾਡੇ ਪ੍ਰੋਗਰਾਮ ਨੇ ਰੋਕਿਆ ਤੇ ਨਾ ਰੋਕਦਾ ਹੈ'।

"ਫਾਸ਼ਿਜ਼ਮ ਵਿਰੁੱਧ ਕਮਿਊਨਿਸਟਾਂ ਨਾਲੋਂ ਬੁਰਜੂਆ ਜਮਹੂਰੀ ਪਾਰਟੀਆਂ ਉਤਮ ਸਹਿਯੋਗੀ ਹਨ"। ਇਹ ਬੁਰਜਵਾਜੀ ਦੀਆਂ ਸਾਂਝੀਆਂ ਸਰਕਾਰਾਂ ਦੇ ਵਕਾਲਤ ਕਰਤਾ ਕਹਿੰਦੇ ਹਨ ਅਤੇ ਰਿਪੋਰਟ ਜ਼ਿਕਰ ਕਰਦੀ ਹੈ:

ਅਸੀਂ ਇਹ ਆਮ ਕਿਹਾ ਸੁਣਦੇ ਹਾਂ,

"ਜੇ ਅਸੀਂ ਕਮਿਊਨਿਸਟਾਂ ਨਾਲ ਸਾਂਝਾ ਮੋਰਚਾ ਸਥਾਪਤ ਕਰ ਲੈਂਦੇ ਹਾਂ, ਤਾਂ ਨਿੱਕ ਬੁਰਜਵਾਜੀ "ਲਾਲ ਖਤਰੇ" ਤੋਂ ਤ੍ਰਾਹ ਜਾਵੇਗੀ ਅਤੇ ਫਾਸ਼ੀਵਾਦੀਆਂ ਵੱਲ ਖਿਸਕ ਜਾਵੇਗੀ",

(ਜਵਾਬ ਵਿਚ) ਰਿਪੋਰਟ :

ਪਰ ਕੀ ਸਾਂਝਾ ਮੋਰਚਾ ਕਿਸਾਨਾਂ, ਫਨੰਕੇ ਵਪਾਰੀਆਂ, ਕਾਰੀਗਰਾਂ, ਮਿਹਨਤਕਸ਼ ਬੁੱਧੀਜੀਵੀਆਂ ਲਈ ਖਤਰਾ ਪੇਸ਼ ਕਰਦਾ ਹੈ ? ਨਹੀਂ !

ਸਾਂਝਾ ਮੋਰਚਾ ਵੱਡੀ ਬੁਰਜਵਾਜੀ, ਮਾਲੀ ਪੂੰਜੀ ਦੇ ਮਗਰਮੱਛਾਂ, ਜਗੀਰਦਾਰਾਂ (ਜੰਕਰਾਂ) ਅਤੇ ਦੂਸਰੇ ਲੁਟੇਰਿਆਂ ਲਈ ਖਤਰਾ ਹੈ, ਜਿਨ੍ਹਾਂ ਦਾ ਸ਼ਾਸਨ ਇਨ੍ਹਾਂ ਸਾਰੇ ਭਾਗਾਂ ਦੀ ਮੁਕੰਮਲ ਤਬਾਹੀ ਲਿਆਉਂਦਾ ਹੈ।

ਕੁਝ ਸੋਸ਼ਲ-ਡੈਮੋਕਰੇਟ ਲੀਡਰ ਆਖਦੇ ਹਨ;

"ਸੋਸ਼ਲ ਡੈਮੋਕ੍ਰੇਟਸੀ ਜਮਹੂਰੀਅਤ ਲਈ ਹੈ, ਕਮਿਊਨਿਸਟ ਡਿਕਟੇਟਰਸ਼ਿਪ ਲਈ ਹਨ;

ਏਸ ਕਰਕੇ ਅਸੀਂ ਕਮਿਊਨਿਸਟਾਂ ਨਾਲ ਸਾਂਝਾ ਮੋਰਚਾ ਨਹੀਂ ਬਣਾ ਸਕਦੇ" (ਜਵਾਬ ਦਰਜ ਹੈ)

ਪਰ ਕੀ ਅਸੀਂ ਤੁਹਾਨੂੰ ਏਸ ਵਕਤ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਐਲਾਨ ਕਰਨ ਦੇ ਮੰਤਵ ਨਾਲ ਸਾਂਝੇ ਮੋਰਚੇ ਦਾ ਸੱਦਾ ਦੇ ਰਹੇ ਹਾਂ ? ਅਸੀਂ ਹਾਲ ਦੀ ਘੜੀ ਅਜਿਹਾ ਕੋਈ ਪ੍ਰਸਤਾਵ ਨਹੀਂ ਰੱਖਦੇ।

ਅਗਲੀ ਧਿਰ ਕਹਿੰਦੀ ਹੈ :

"ਕਮਿਊਨਿਸਟ ਜਮਹੂਰੀਅਤ ਨੂੰ ਮਾਨਤਾ ਦੇਣ ਅਤੇ ਇਸ ਦੇ ਬਚਾਅ ਵਿੱਚ ਨਿੱਤਰ ਪੈਣ, ਫੇਰ ਅਸੀਂ ਸਾਂਝੇ ਮੋਰਚੇ ਲਈ ਤਿਆਰ ਹੋਵਾਂਗੇ।"

"ਅਸੀਂ ਜਵਾਬ ਦਿੰਦੇ ਹਾਂ। ਅਸੀਂ ਸੰਸਾਰ ਵਿਚ ਦੀ ਸਭ ਤੋਂ ਵੱਧ ਠੋਸ ਜਮਹੂਰੀਅਤ, ਮਿਹਨਤਕਸ਼ਾਂ ਦੀ ਜਮਹੂਰੀਅਤ ਦੇ ਅਨੁਆਈ ਹਾਂ, ਅਸੀਂ ਪੂੰਜੀਵਾਦੀ ਦੇਸ਼ਾਂ ਵਿਚ ਬੁਰਜੂਆ ਜਮਹੂਰੀ ਆਜ਼ਾਦੀਆਂ ਦੇ ਹਰ ਨਿਗੂਣੇ ਤੋਂ ਨਿਗੂਣੇ ਅਧਿਕਾਰ ਤੱਕ ਦੀ ਰੱਖਿਆ ਲਈ ਲੜਦੇ ਹਾਂ ਅਤੇ ਲੜਨਾ ਜਾਰੀ ਰੱਖਾਂਗੇ, ਜਿਨ੍ਹਾਂ 'ਤੇ ਫਾਸ਼ਿਜ਼ਮ ਤੇ ਬੁਰਜੂਆ ਪਿਛਾਖੜ ਵੱਲੋਂ ਹਮਲੇ ਕੀਤੇ ਜਾ ਰਹੇ ਹਨ, ਕਿਉਂਕਿ ਪਰੋਲਤਾਰੀ ਦੇ ਜਮਾਤੀ ਸੰਗਰਾਮ ਦੇ ਹਿੱਤ ਇਹੋ ਮੰਗ ਕਰਦੇ ਹਨ।"

ਰਿਪੋਰਟ ਨਿਰਨਾ ਪੇਸ਼ ਕਰਦੀ ਹੈ :

"ਸਾਂਝੇ ਮੋਰਚੇ ਵਿਰੁੱਧ ਇਹ ਸਾਰੀਆਂ ਦਲੀਲਾਂ ਹਲਕੀ ਜਿੰਨੀ ਅਲੋਚਨਾ ਅੱਗੇ ਨਹੀਂ ਟਿਕਦੀਆਂ। ਇਹ ਤਾਂ ਸਗੋਂ ਸੋਸ਼ਲ-ਡੈਮੋਕਰੇਸੀ ਦੇ ਪਿਛਾਖੜੀ ਆਗੂਆਂ ਦੀਆਂ ਥੋਥੀਆਂ ਢੁੱਚਰਾਂ ਹਨ, ਜਿਹੜੇ ਪਰੋਲਤਾਰੀ ਦੇ ਸਾਂਝੇ ਮੋਰਚੇ ਨਾਲੋਂ ਬੁਰਜਵਾਜੀ ਨਾਲ ਆਪਣਾ ਸਾਂਝਾ ਮੋਰਚਾ ਬਣਾਉਣ ਨੂੰ ਪਸੰਦ ਕਰਦੇ ਹਨ। ਨਹੀਂ! ਇਹ ਢੁੱਚਰਾਂ ਨਹੀਂ ਚੱਲਣਗੀਆਂ। ਅੰਤਰ-ਰਾਸ਼ਟਰੀ ਪਰੋਲਤਾਰੀ ਨੇ ਮਜ਼ਦੂਰ ਜਮਾਤ ਵਿਚਲੀ ਫੁੱਟ ਤੋਂ ਪੈਦਾ ਹੋਏ ਕਸ਼ਟਾਂ ਦੀ ਸਾਰੀ ਤਲਖੀ ਨੂੰ ਜਾਣ ਲਿਆ ਹੈ, ਅਤੇ ਇਹ ਵੱਧ ਤੋਂ ਵੱਧ ਇਸ ਨਿਸ਼ਚੇ ਦਾ ਬਣਦਾ ਜਾਂਦਾ ਹੈ ਕਿ ਸਾਂਝਾ ਮੋਰਚਾ, ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਪਰੋਲਤਾਰੀ ਦੇ ਐਕਸ਼ਨ ਦੀ ਏਕਤਾ ਦੋਨੋਂ ਜ਼ਰੂਰੀ ਹਨ ਅਤੇ ਬਿਲਕੁਲ ਸੰਭਵ ਹਨ। (ਤਾੜੀਆਂ)"

[ਦੋਨੋਂ ਜ਼ਰੂਰੀ ਹਨ : ਸਾਂਝਾ ਮੋਰਚਾ ਕੌਮੀ ਅਤੇ ਕੌਮਾਂਤਰੀ ਪੱਧਰ ਉਤੇ, ਅਤੇ ਪਰੋਲਤਾਰੀ-ਐਕਸ਼ਨ ਦੀ ਏਕਤਾ]

ਰਿਪੋਰਟ ਦੇ ਕਿਤਾਬੀ ਰੂਪ ਵਿੱਚੋਂ ਇਹ ਲੰਮੇ ਅਤੇ ਅਕਾਊ ਹਵਾਲੇ ਇਸ ਲਈ ਦੇਣੇ ਜ਼ਰੂਰੀ ਸਮਝੇ ਹਨ ਤਾਂ ਕਿ "ਸਾਂਝੇ ਮੋਰਚੇ" ਬਾਰੇ ਦਮਿਤਰੋਵ ਦੀ ਰਿਪੋਰਟ ਦੇ ਗਲਤ, ਗੁੰਮਰਾਹਕੁੰਨ ਪ੍ਰਚਾਰ ਤੋਂ ਸਾਵਧਾਨੀ ਵਰਤੀ ਜਾ ਸਕੇ। ਸਾਂਝਾ ਮੋਰਚਾ ਵਿਗਿਆਨਕ ਆਧਾਰ ਤੋਂ ਲਾਂਭੇ ਜਾ ਕੇ ਨਹੀਂ ਉੱਸਰ ਸਕਦਾ।

"ਸਾਂਝੇ ਮੋਰਚੇ ਦਾ ਤੱਤ ਤੇ ਰੂਪ"

(ਚੱਲਦਾ)

> "ਜੰਗਲ ਨੂੰ ਅੱਗ ਲੱਗੀ ਸੀ, ਸਾਰੇ ਬੁਝਾਉਣ ਵਾਲਿਆਂ ਵਿੱਚ ਇੱਕ ਚਿੜੀ ਵੀ ਆਪਣੀ ਚੁੰਝ ਭਰ ਕੇ ਆਵੇ, ਅੱਗ 'ਤੇ ਪਾਣੀ ਪਾਵੇ; ਕਿਸੇ ਕਿਹਾ, ਚਿੜੀਏ ਤੇਰੀ ਚੁੰਝ ਦੇ ਪਾਣੀ ਨਾਲ ਕੀ ਬਣਦੈ ?'' ਚਿੜੀ ਦਾ ਜਵਾਬ ਕਾਬਲੇ-ਗੌਰ ਹੈ : ਜਦੋਂ ਇਤਿਹਾਸ ਜ਼ਿਕਰ ਕਰੇਗਾ ਕਿ ਕੌਣ ਅੱਗ ਲਾਉਣ ਵਾਲਿਆਂ 'ਚ ਸੀ? ਅਤੇ ਕੌਣ-ਕੌਣ ਅੱਗ ਬੁਝਾਉਣ ਵਾਲਿਆਂ ਵਿੱਚ ਸੀ? ਤਾਂ ਮੇਰਾ ਨਾਂਅ "ਅੱਗ ਬੁਝਾਉਣ ਵਾਲਿਆਂ ਵਿੱਚ ਬੋਲੇਗਾ''।

ਫਿਕਰ ਨੂੰ ਫ਼ਿਰਾਕ, ਫਕੀਰੀ ਤੇ ਫਲਸਫੇ ਵਿੱਚ ਢਾਲਣ ਦੀ ਲੋੜ

ਪ੍ਰੋ. ਕੁਲਵੰਤ ਸਿੰਘ ਅੌਜਲਾ

ਨਿੱਕੇ ਹੁੰਦਿਆਂ ਮੈਂ ਆਪਣੇ ਮਾਂ-ਬਾਪ ਨੂੰ ਫਿਕਰ ਕਰਦੇ ਦੇਖਿਆ ਹੈ। ਫਿਕਰ ਨੂੰ ਜਿਊਣਾ ਤੇ ਜਰਨਾ ਆਉਂਦਾ ਸੀ ਉਹਨਾਂ ਨੂੰ। ਉਹਨਾਂ ਦੇ ਫਿਕਰ ਦਾ ਰੰਗ ਖੁਦਕੁਸ਼ੀਆਂ ਦੇ ਅਹਿਸਾਸਾਂ ਵਰਗਾ ਨਹੀਂ ਸੀ। ਉਹਨਾਂ ਦਾ ਫਿਕਰ ਨਿੱਘਾ ਤੇ ਨਿਆਣ ਸੀ। ਉਹਨਾਂ ਦੇ ਫਿਕਰ ਦੀ ਧੜਕਣ ਵਿੱਚੋਂ ਫਲਸਫਾ, ਫ਼ਕੀਰੀ ਤੇ ਫ਼ਿਰਾਕ ਦੀਆਂ ਧੁਨਾਂ ਉੱਗਦੀਆਂ ਸਨ। ਕਦੇ ਹਾੜ੍ਹੀ ਸਿਮਟ ਜਾਂਦ

9-April-Sunday.qxd 4/8/2023 9:39 PM Page 5

ਹਿੰਦੁਸਤਾਨ ਦੇ ਸ਼ਬਦ ਨਾਲ ਖਿਲਵਾੜ ਹੋ ਸਕਦੈ, ਪਰ ਇਤਿਹਾਸ ਵਿੱਚ ਦਰਜ ਤੱਥਾਂ ਨਾਲ ਨਹੀਂ ਹੋਣਾ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਸਿਆਸਤ ਦੀਆਂ ਲੋੜਾਂ ਵਾਸਤੇ ਚਲਦੀ ਹੋਈ ਬਹਿਸ ਅਚਾਨਕ ਭਾਰਤ ਦੇਸ਼ ਦੇ ਨਾਂਅ ਤੇ ਇਸ ਨਾਂਅ ਦੇ ਮੁੱਢ ਤੱਕ ਵੀ ਜਾ ਪਹੁੰਚੀ ਹੈ। ਮੈਨੂੰ ਬੜੀ ਵਾਰੀ ਇਹ ਉਲਾਂਭਾ ਸੁਣਨ ਨੂੰ ਮਿਲਿਆ ਹੈ ਕਿ ਤੂੰ ਆਪਣੀਆਂ ਲਿਖਤਾਂ ਜਾਂ ਭਾਸ਼ਣਾਂ ਵਿੱਚ ਭਾਰਤ ਲਈ ਹਿੰਦੁਸਤਾਨ ਸ਼ਬਦ ਵਰਤ ਕੇ ਠੀਕ ਨਹੀਂ ਕਰਦਾ। ਮੈਂ ਫਿਰ ਵੀ ਬਦਲ ਨਹੀਂ ਸਕਿਆ। ਕਈ ਲੋਕਾਂ ਨੇ ਇਹ ਗੱਲ ਵੀ ਬਹੁਤ ਵਾਰੀ ਉਚੇਚ ਨਾਲ ਚੇਤੇ ਕਰਾਈ ਹੋਈ ਹੈ ਕਿ ਦੇਸ਼ ਦੇ ਸੰਵਿਧਾਨ ਵਿੱਚ ਇਸ ਦੇ ਸਿਰਫ ਦੋ ਨਾਂਅ ਭਾਰਤ ਤੇ ਇੰਡੀਆ ਹਨ, ਇਸ ਤੋਂ ਬਿਨਾਂ ਕੋਈ ਵੀ ਨਾਂਅ ਵਰਤਣਾ ਗਲਤ ਹੈ, ਪਰ ਮੈਂ ਉਨ੍ਹਾਂ ਦੀ ਦਲੀਲ ਨਾਲ ਸਹਿਮਤ ਨਹੀਂ ਹੋ ਸਕਿਆ ਅਤੇ ਅੱਜ ਵੀ ਹਿੰਦੁਸਤਾਨ ਸ਼ਬਦ ਵਰਤਦਾ ਪਿਆ ਹਾਂ। ਇਸ ਹਫਤੇ ਭਾਰਤ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਇੱਕ ਸਿੱਖ ਨੇਤਾ ਆਰ ਪੀ ਸਿੰਘ ਨੇ ਇਸ ਬਹਿਸ ਨੂੰ ਇਹ ਕਹਿ ਕੇ ਨਵਾਂ ਮੋੜ ਦੇ ਦਿੱਤਾ ਕਿ 'ਹਿੰਦੁਸਤਾਨ' ਸ਼ਬਦ ਇਸ ਦੇਸ਼ ਲਈ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਰਤਿਆ ਸੀ ਅਤੇ ਇਸ ਲਈ ਇਸ ਨਾਂਅ ਦੇ ਨਾਲ ਸਿੱਖ ਭਾਈਚਾਰੇ ਨੂੰ ਕੋਈ ਵਿਰੋਧ ਨਹੀਂ ਹੋਣਾ ਚਾਹੀਦਾ। ਉਸ ਦੀ ਦਲੀਲ ਦੇ ਹੱਕ ਅਤੇ ਵਿਰੋਧ ਵਿੱਚ ਕਈ ਲੋਕ ਏਦਾਂ ਦੀ ਬਹਿਸ ਛੇੜ ਤੁਰੇ, ਜਿਹੜੀ ਭਾਰਤ ਦਾ ਨਾਂਅ ਕਾਨੂੰਨੀ ਤੌਰ ਉੱਤੇ 'ਹਿੰਦੁਸਤਾਨ' ਲਿਖ ਦੇਣ ਜਾਂ ਇਹ ਬਹਿਸ ਹਮੇਸ਼ਾ ਲਈ ਮੁਕਾਉਣ ਵਾਸਤੇ ਸਿਰਫ ਸੰਵਿਧਾਨ ਵਿੱਚ ਲਿਖੇ ਹੋਏ ਨਾਂਵਾਂ 'ਭਾਰਤ' ਜਾਂ 'ਇੰਡੀਆ' ਦੀ ਵਰਤੋਂ ਜ਼ਰੂਰੀ ਕਰਨ ਵਾਸਤੇ ਕੁਝ ਕਦਮ ਚੁੱਕਣ ਦੀ ਮੰਗ ਤੱਕ ਪਹੁੰਚੀ ਤੇ ਫਿਰ ਹਿੰਦੂ ਅਤੇ ਗੈਰ-ਹਿੰਦੂ ਵਾਲੇ ਪਾਸੇ ਮੁੜਨ ਲੱਗ ਪਈ ਹੈ। ਹਿੰਦੀ ਪੱਖ ਦੀ ਗੱਲ ਕਰਨ ਵਾਲੇ ਕਹੀ ਜਾਂਦੇ ਹਨ ਕਿ ਇਸ ਦੇਸ਼ ਵਿੱਚ ਹਿੰਦੂ ਬਹੁ-ਗਿਣਤੀ ਹੋਣ ਕਾਰਨ ਏਥੇ ਹਿੰਦੂ-ਰਾਸ਼ਟਰ ਵਾਲਾ ਕਾਨੂੰਨ ਵੀ ਬਣ ਜਾਵੇ ਤਾਂ ਹਰਜ ਨਹੀਂ ਹੋਣਾ ਚਾਹੀਦਾ ਅਤੇ ਦੂਸਰੇ ਧਰਮ, ਖਾਸ ਕਰ ਕੇ ਇਸਲਾਮ ਅਤੇ ਈਸਾਈ ਧਰਮ ਏਥੋਂ ਦੇ ਨਹੀਂ, ਬਾਹਰੋਂ ਆਏ ਹੋਣ ਕਾਰਨ ਉਨ੍ਹਾਂ ਨੂੰ 'ਆਪਣੀ ਹੈਸੀਅਤ' ਸਮਝ ਲੈਣੀ ਚਾਹੀਦੀ ਹੈ। ਕੁਝ ਮੁਸਲਮਾਨ ਤੇ ਈਸਾਈ ਪ੍ਰਚਾਰਕ ਵੀ ਅੱਜ ਦੀ ਵੱਡੀ ਸਿਆਸੀ ਧਿਰ ਨਾਲ ਜੁੜਨ ਕਾਰਨ ਇਹੋ ਰਾਗ ਗਾਈ ਜਾਂਦੇ ਹਨ।

ਅਸੀਂ ਇਸ ਸਾਰੇ ਕੁਝ ਨੂੰ ਬੇਲੋੜੀ ਬਹਿਸ ਵੀ ਮੰਨਦੇ ਹਾਂ ਅਤੇ ਇਸ ਦੇ ਓਹਲੇ ਇੱਕ ਖਾਸ ਕਿਸਮ ਦੀ ਰਾਜਨੀਤੀ ਵੀ ਸੁੰਘ ਸਕਦੇ ਹਾਂ। ਹਿੰਦੂ ਧਰਮ ਦੇ ਪੈਰੋਕਾਰ ਅੱਜ ਇਸ ਦੇਸ਼ ਵਿੱਚ ਬਾਕੀ ਧਰਮਾਂ ਵਾਲਿਆਂ ਤੋਂ ਵੱਧ ਹੀ ਨਹੀਂ, ਬਹੁਤ ਜ਼ਿਆਦਾ ਵੱਧ ਹਨ। ਬਾਕੀ ਸਾਰੇ ਧਰਮ ਮਸਾਂ ਪੰਜਵਾਂ ਹਿੱਸਾ ਬਣਦੇ ਹਨ ਅਤੇ ਇਕੱਲੇ ਹਿੰਦੂ ਅੱਸੀ ਫੀਸਦੀ ਦੇ ਕਰੀਬ ਹੋ ਜਾਂਦੇ ਹਨ, ਪਰ ਇਹ ਗੱਲ ਭੁਲਾ ਦਿੱਤੀ ਜਾਂਦੀ ਹੈ ਕਿ ਜਿਸ ਭਾਰਤ ਵਿੱਚ ਹਿੰਦੂਤਵ ਦੀ ਗੱਲ ਚਲਦੀ ਹੈ, ਸੰਵਿਧਾਨ ਵਿੱਚ ਉਸ ਦੇਸ਼ ਲਈ ਲਿਖੇ ਦੋਵੇਂ ਨਾਂਅ ਕਿਸੇ ਵਿਸ਼ੇਸ਼ ਧਰਮ ਦੇ ਪ੍ਰਤੀਕ ਨਹੀਂ। ਭਾਰਤ ਪੁਰਾਤਨ ਸਮਿਆਂ ਤੋਂ ਕਈ ਵੱਖ-ਵੱਖ ਨਾਂਵਾਂ ਨਾਲ ਜਾਣਿਆ ਗਿਆ ਹੈ। ਸਾਡੀ ਸਮਝ ਮੁਤਾਬਕ ਚਾਣਕੀਆ ਦੇ 'ਅਰਥ ਸ਼ਾਸਤਰ ਵਿੱਚ ਭਾਰਤ ਨੂੰ 'ਜੰਬੋ ਦੀਪ' ਕਿਹਾ ਗਿਆ ਸੀ, ਉਹ ਈਸਾ ਤੋਂ ਦੋ ਸਦੀਆਂ ਪਹਿਲਾਂ ਹੋਏ ਸਨ। ਮੈਗਸਥਨੀਜ਼ ਨੇ ਇਸ ਨੂੰ 'ਇੰਡੀਆ' ਲਿਖ ਦਿੱਤਾ ਅਤੇ ਇਹ ਕੰਮ ਉਸ ਨੇ ਈਸਾ ਤੋਂ ਤਿੰਨ ਸਦੀਆਂ ਪਹਿਲਾਂ ਕਰ ਦਿੱਤਾ ਸੀ। ਈਸਾ ਤੋਂ ਕਈ ਸਦੀਆਂ ਪਹਿਲਾਂ ਦਾ ਵਿਸ਼ਣੂੰ ਪੁਰਾਣ ਇਸ ਦੇਸ਼ ਦਾ ਨਾਂਅ 'ਭਾਰਤ' ਜਾਂ 'ਭਾਰਤਮ' ਲਿਖਦਾ ਹੈ। ਦਸਵੀਂ ਸਦੀ ਵਿੱਚ ਹੋਏ ਅਲ ਮਸੂਦੀ ਨੇ ਇਸ ਦੇਸ਼ ਦਾ ਨਾਂਅ 'ਅਲ ਹਿੰਦੀ' ਲਿਖ ਦਿੱਤਾ ਅਤੇ ਤੇਰ੍ਹਵੀਂ ਸਦੀ ਵਿੱਚ ਹਸਨ ਨਿਜ਼ਾਮੀ ਨੇ ਇਸ ਨੂੰ 'ਹਿੰਦ' ਲਿਖਿਆ ਸੀ। ਇਸ ਤੋਂ ਪਹਿਲਾਂ ਕਿਸੇ ਅਣਪਛਾਤੇ ਲੇਖਕ ਦੀ ਇੱਕ ਲਿਖਤ 'ਹੁਦੂਦ-ਅਲ-ਆਲਮ' ਵਿੱਚ ਇਸ ਨੂੰ 'ਹਿੰਦਿਸਤਾਨ' ਲਿਖਿਆ ਗਿਆ ਹੋਣ ਦੇ ਸਬੂਤ ਵੀ ਮਿਲਣਗੇ ਅਤੇ ਕਈ ਹੋਰ ਨਾਂਅ ਵੀ ਇਸੇ ਦੇਸ਼ ਨਾਲ ਜੁੜੇ ਮਿਲ ਜਾਣਗੇ। ਜ਼ੋਰੋਸਟਰੇਨੀਅਨਿਜ਼ਮ ਨਾਲ ਜੁੜੇ ਹੋਏ ਇੱਕ ਵਿਦਵਾਨ ਨੇ ਈਸਾ ਤੋਂ ਸੱਤ-ਅੱਠ ਸੌ ਸਾਲ ਪਹਿਲਾਂ ਇੱਕ ਸ਼ਬਦ 'ਹਾਪਤਾ ਹੇਂਦੂ' ਵਰਤਿਆ ਸੀ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਵੀ ਭਾਰਤ ਜਾਂ ਪੰਜਾਬ ਅਤੇ ਕਾਬਲ ਤੱਕ ਦੇ ਵਸਨੀਕਾਂ ਲਈ ਵਰਤਿਆ ਗਿਆ ਸੀ।

ਭਾਜਪਾ ਆਗੂ ਆਰ ਪੀ ਸਿੰਘ ਨੇ ਜਿਹੜੀ ਗੱਲ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕਹੀ ਹੈ, ਇਹ ਸਿਰਫ ਇਸ ਹੱਦ ਤੱਕ ਠੀਕ ਹੈ ਕਿ ਗੁਰੂ ਸਾਹਿਬ ਨੇ ਸੱਚਮੁੱਚ ਗੁਰਬਾਣੀ ਵਿੱਚ ਦੋ ਥਾਵਾਂ ਉੱਤੇ 'ਹਿੰਦੁਸਤਾਨ' ਸ਼ਬਦ ਵਰਤਿਆ ਹੈ। ਪਹਿਲੀ ਥਾਂ ਉਨ੍ਹਾਂ ਨੇ 'ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ' ਅਤੇ ਦੂਸਰੀ ਥਾਂ 'ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ' ਵਜੋਂ ਇਸ ਦਾ ਜ਼ਿਕਰ ਕੀਤਾ ਹੈ। ਇਸ ਪੱਖੋਂ ਹਰ ਸਿੱਖ ਅਤੇ ਹਰ ਪੰਜਾਬੀ ਵੀ ਇਸ ਸ਼ਬਦ ਨੂੰ ਇੱਕ ਖਾਸ ਥਾਂ ਦੇ ਸਕਦਾ ਹੈ ਅਤੇ ਦੇਂਦਾ ਵੀ ਹੈ, ਪਰ ਜਿਵੇਂ ਅਸੀਂ ਇਸ ਬਾਰੇ ਉੱਪਰ ਲਿਖਿਆ ਹੈ, ਇਹ ਸ਼ਬਦ ਗੁਰੂ ਸਾਹਿਬ ਤੋਂ ਚੋਖਾ ਪਹਿਲਾਂ ਪ੍ਰਚੱਲਤ ਹੋ ਚੁੱਕਾ ਹੋਣ ਦੇ ਕੁਝ ਪ੍ਰਮਾਣ ਵੀ ਮਿਲਦੇ ਹਨ। ਸਿਰਫ ਇਹੀ ਸਾਬਤ ਨਹੀਂ ਹੁੰਦਾ ਕਿ ਹਿੰਦੁਸਤਾਨ ਸ਼ਬਦ ਪਹਿਲਾਂ ਤੋਂ ਪ੍ਰਚੱਲਤ ਹੋ ਚੁੱਕਾ ਸੀ, ਸਗੋਂ ਇਸ ਤੋਂ ਹਿੰਦੂ ਸ਼ਬਦ ਦੀ ਉਤਪਤੀ ਦਾ ਪਤਾ ਵੀ ਲਗਦਾ ਹੈ ਕਿ ਇਹ ਸ਼ਬਦ ਭਾਰਤ ਨਾਂਅ ਨਾਲ ਚਲਦੇ ਆਏ ਇਸ ਦੇਸ਼ ਵਿੱਚ ਇਸ ਦੇ ਅੰਦਰੋਂ ਪੈਦਾ ਨਹੀਂ ਸੀ ਹੋਇਆ। ਜਿਨ੍ਹਾਂ ਲੋਕਾਂ ਬਾਰੇ ਕਿਹਾ ਜਾਂਦਾ ਹੈ ਕਿ ਬਾਹਰੋਂ ਆਏ ਸਨ, ਸ਼ਬਦ ਹਿੰਦੂ ਸਭ ਤੋਂ ਪਹਿਲਾਂ ਉਨ੍ਹਾਂ ਨੇ ਵਰਤਿਆ ਸੀ। ਜਦੋਂ ਇਹ ਸ਼ਬਦ ਪ੍ਰਚੱਲਤ ਹੋ ਗਿਆ ਤਾਂ ਸਾਡੇ ਆਜ਼ਾਦੀ ਲਹਿਰ ਦੇ ਮਹਾਨ ਗ਼ਦਰੀ ਬਾਬਿਆਂ ਨੇ ਵੀ ਵਰਤਿਆ ਸੀ ਅਤੇ ਉਨ੍ਹਾਂ ਦੇ ਅਖਬਾਰ 'ਗ਼ਦਰ' ਵਿੱਚ ਵੀ ਇਹੋ ਚਲਦਾ ਸੀ ਅਤੇ 'ਹਿੰਦੀ ਜਾਂ 'ਹਿੰਦੀਉ ਸ਼ਬਦ ਸਿਰਫ ਹਿੰਦੂ ਧਰਮ ਵਾਲਿਆਂ ਲਈ ਵਰਤਣ ਦੀ ਥਾਂ ਸਾਰੇ ਹਿੰਦੁਸਤਾਨੀ ਜਾਂ ਭਾਰਤੀ ਲੋਕਾਂ ਲਈ ਵਰਤਿਆ ਜਾਂਦਾ ਸੀ। ਅਲਾਮਾ ਇਕਬਾਲ ਜਦੋਂ ਆਜ਼ਾਦੀ ਲਹਿਰ ਦੀ ਮੁੱਖ ਧਾਰਾ ਵਿੱਚ ਹੁੰਦਾ ਸੀ, ਉਸ ਨੇ ਵੀ ਇਸੇ ਤਰ੍ਹਾਂ 'ਤਰਾਨਾ-ਇ-ਹਿੰਦੀ' ਲਿਖਿਆ ਅਤੇ ਕਿਹਾ ਸੀ ਕਿ 'ਸਾਰੇ ਜਹਾਂ ਸੇ ਅੱਛਾ, ਹਿੰਦੁਸਤਾਂ ਹਮਾਰਾ'। ਪਿੱਛੋਂ ਜਦੋਂ ਉਹ ਮੁੱਖ ਧਾਰਾ ਤੋਂ ਟੁੱਟ ਗਿਆ ਤਾਂ ਉਸ ਨੇ 'ਤਰਾਨਾ-ਇ-ਮਿਲੀ' ਵਿੱਚ 'ਮੁਸਲਿਮ ਹੈਂ ਹਮ ਵਤਨ ਹੈ, ਸਾਰਾ ਜਹਾਂ ਹਮਾਰਾ' ਲਿਖ ਦਿੱਤਾ ਸੀ। ਜਿੱਦਾਂ ਇਕਬਾਲ ਪੁਰਾਣੇ 'ਹਿੰਦੀ' ਸ਼ਬਦ ਨੂੰ ਛੱਡ ਕੇ ਇੱਕ ਵਿਸ਼ੇਸ਼ ਧਰਮ ਨਾਲ ਜਾ ਜੁੜਿਆ ਸੀ, ਫੈਜ਼ ਅਹਿਮਦ ਫੈਜ਼ ਵਰਗੇ ਹੋਰ ਸ਼ਾਇਰਾਂ ਨੇ ਏਦਾਂ ਨਹੀਂ ਸੀ ਕੀਤਾ।

ਦੂਸਰਾ ਪੱਖ ਇਹ ਹੈ ਕਿ ਜਿਵੇਂ ਇਕਬਾਲ ਸਾਂਝੇ ਸ਼ਬਦ 'ਹਿੰਦੀ' ਅਤੇ 'ਹਿੰਦੁਸਤਾਂ' ਦੀ ਥਾਂ ਇੱਕ ਧਿਰ ਵੱਲੋਂ ਬੋਲ ਕੇ ਖੁਸ਼ ਹੋ ਗਿਆ ਹੋਵੇਗਾ, ਉਸੇ ਤਰ੍ਹਾਂ ਅੱਜ ਕੁਝ ਲੋਕ 'ਹਿੰਦੀ' ਅਤੇ 'ਹਿੰਦੁਸਤਾਨ' ਨੂੰ ਹਿੰਦੂ ਧਰਮ ਜਾਂ ਭਾਈਚਾਰੇ ਨਾਲ ਜੋੜਨ ਦਾ ਕੰਮ ਕਰਦੇ ਹਨ। ਇਕਬਾਲ ਨੇ ਵੀ ਠੀਕ ਨਹੀਂ ਸੀ ਕੀਤਾ ਤੇ ਇਹ ਵੀ ਠੀਕ ਨਹੀਂ ਕਰਦੇ। ਇਤਿਹਾਸ ਵਿੱਚ ਕਈ ਨਾਂਵਾਂ ਨਾਲ ਜਾਣਿਆ ਜਾਂਦਾ ਰਿਹਾ ਭਾਰਤ ਅੱਜ ਦੇ 'ਹਿੰਦੂ' ਜਾਂ 'ਹਿੰਦੂਤਵ' ਵਾਲੇ ਅਰਥਾਂ ਵਾਲਾ ਨਹੀਂ ਸੀ। ਅੱਜ ਦੇ ਸੰਵਿਧਾਨ ਵਿੱਚ ਇਸ ਦਾ ਨਾਂਅ 'ਇੰਡੀਆ', ਆਲਸੋ ਨੋਨ ਐਜ਼ ਭਾਰਤ ਲਿਖਿਆ ਹੈ, ਪਰ ਇਸ ਦਾ ਇਹ ਅਰਥ ਨਹੀਂ ਕਿ ਇਸ ਤੋਂ ਇਲਾਵਾ ਲੋਕ-ਧਾਰਾ ਵਿੱਚ ਬੀਤੇ ਸਮੇਂ ਵਿੱਚ ਚਲਦੇ ਰਹੇ ਜਾਂ ਅੱਜ ਵੀ ਚਲਦੇ ਬਾਕੀ ਨਾਂਅ ਗਲਤ ਸਨ, ਸਗੋਂ ਭਾਰਤ ਦੀ ਰਿਵਾਇਤ ਦੀ ਖਾਸੀਅਤ ਹੈ ਕਿ ਉਹ ਨਾਂਅ ਅਜੇ ਤੱਕ ਲੋਕ-ਧਾਰਾ ਸੰਭਾਲ ਕੇ ਚੱਲ ਰਹੀ ਹੈ। ਜਿੰਨੇ ਕੁ ਨਾਂਵਾਂ ਦਾ ਜ਼ਿਕਰ ਅਸੀਂ ਉੱਪਰ ਕੀਤਾ ਹੈ, ਉਨ੍ਹਾਂ ਤੋਂ ਬਿਨਾਂ ਵੀ ਕਈ ਨਾਂਅ ਇਸ ਲਈ ਵਰਤੇ ਗਏ ਹਨ। ਪੁਰਾਣੇ ਸਮੇਂ ਵਿੱਚ ਬੁੱਧ ਧਰਮ ਦੇ ਪੈਰੋਕਾਰ ਆਪਣੀ ਤਿੱਬਤੀ ਬੋਲੀ ਮੁਤਾਬਕ ਇਸ ਨੂੰ 'ਗਯਾਗਰ' ਜਾਂ 'ਫਾਗਿਯੂਲ' ਵੀ ਕਹਿੰਦੇ ਰਹੇ ਹਨ। ਜਿਸ ਤਰ੍ਹਾਂ ਯੂਰਪ ਤੋਂ ਆਇਆਂ ਨੇ ਇਸ ਦਾ ਨਾਂਅ 'ਇੰਡੀਆ' ਰੱਖ ਲਿਆ ਸੀ, ਜਾਪਾਨ ਜਾਂ ਚੀਨ ਦੇ ਲੋਕ ਇਸ ਨੂੰ ਆਪਣੀ ਬੋਲੀ ਮੁਤਾਬਕ 'ਤਿਆਂਗਜ਼ੂ' ਕਹਿੰਦੇ ਰਹੇ ਸਨ। ਭਾਰਤ ਵਿੱਚ ਉਨ੍ਹਾਂ ਦੇ ਪੈਰ ਪੱਕੇ ਨਹੀਂ ਸੀ ਲੱਗ ਸਕੇ ਤੇ ਇਹ ਨਾਂਅ ਪ੍ਰਚੱਲਤ ਨਹੀਂ ਸਨ ਹੋ ਸਕੇ, ਪਰ ਅਰਬ ਦੇਸ਼ਾਂ ਤੋਂ ਆਇਆਂ ਦਾ ਰੱਖਿਆ 'ਹਿੰਦੁਸਤਾਨ' ਪੱਕਾ ਹੋ ਗਿਆ ਤੇ ਫਿਰ ਲੰਮਾ ਸਮਾਂ ਰਾਜ ਕਰ ਚੁੱਕੇ ਬ੍ਰਿਟੇਨ ਵਾਲਿਆਂ ਦੀ ਵਿਰਾਸਤ ਸਾਂਭਣ ਵਾਲਿਆਂ ਨੇ ਇਸ ਵਿੱਚ 'ਇੰਡੀਆ' ਵੀ ਸ਼ਾਮਲ ਕਰ ਲਿਆ। ਅਜੋਕੇ ਭਾਰਤ ਵਿੱਚ 'ਇੰਡੀਆ' ਸ਼ਬਦ ਦਾ ਕੋਈ ਖਾਸ ਵਿਰੋਧ ਹੁੰਦਾ ਨਹੀਂ ਦਿਸਦਾ, 'ਹਿੰਦੁਸਤਾਨ' ਦਾ ਇਸ ਲਈ ਹੁੰਦਾ ਪਿਆ ਹੈ ਕਿ ਇੱਕ ਖਾਸ ਰਾਜਸੀ ਧਿਰ ਇਸ ਨੂੰ ਦੇਸ਼ ਦੀ ਬਹੁ-ਗਿਣਤੀ ਉੱਤੇ ਅਧਾਰਤ ਆਪਣੀ ਰਾਜਨੀਤੀ ਤੇ ਆਪਣੇ ਧਾਰਮਕ ਵਿਸ਼ਵਾਸਾਂ ਦੇ ਹੱਕ ਤੱਕ ਸੀਮਤ ਕਰਨ ਲੱਗ ਪਈ ਹੈ। ਹਰ ਗੱਲ ਦਾ ਪ੍ਰਤੀਕਰਮ (ਐਕਸ਼ਨ ਦਾ ਰਿਐਕਸ਼ਨ) ਹੋਣ ਬਾਰੇ ਸਭ ਲੋਕ ਜਾਣਦੇ ਹਨ। ਇੱਕ ਖਾਸ ਧਿਰ ਵੱਲੋਂ ਉਭਾਰੀ ਜਾਂਦੀ ਸੋਚ ਕਾਰਨ ਦੂਸਰੀਆਂ ਧਿਰਾਂ ਵੀ ਸ਼ਬਦ 'ਹਿੰਦੁਸਤਾਨ' ਦੇ ਨਾਲ ਕੌੜ ਮਨਾਉਣ ਲਗਦੀਆਂ ਹਨ, ਪਰ ਇਤਿਹਾਸ ਨੇ ਇਤਿਹਾਸ ਹੀ ਰਹਿਣਾ ਹੈ, ਚਾਰ ਸ਼ਹਿਰਾਂ ਦੇ ਨਾਂਅ ਬਦਲਣ ਨਾਲ ਦੇਸ਼ ਜਾਂ ਦੁਨੀਆ ਦੇ ਸਦੀਆਂ ਦੇ ਇਤਿਹਾਸ ਵਿੱਚ ਦਰਜ ਹੋ ਚੁੱਕੇ ਤੱਥ ਨਾ ਬਦਲ ਸਕਦੇ ਹਨ, ਨਾ ਬਦਲ ਹੀ ਸਕਣੇ ਹਨ।

ਭਗਤ ਸਿੰਘ ਦੀਆਂ ਦੁਰਲੱਭ ਲਿਖਤਾਂ ਦੀ ਭਾਲ

ਪ੍ਰੋ. ਚਮਨ ਲਾਲ

ਪੇਸ਼ਕਸ਼ : ਗੁਰਨਾਮ ਕੰਵਰ

ਸੁਰਿੰਦਰ ਘੋਸ਼ (ਗਦਾਰ) ਨੂੰ ਤਾਂ ਬੈਕੁੰਠ ਸ਼ੁਕਲ ਨਾਂਅ ਦੇ ਇਨਕਲਾਬੀ ਨੇ ਬਿਹਾਰ ਵਿਚ ਉਹਦੇ ਪਿੰਡ ਬੇਤੀਆ ਵਿਚ ਜਾ ਕੇ ਕਤਲ ਕੀਤਾ ਸੀ ਅਤੇ ਬੈਕੁੰਠ ਸ਼ੁਕਲ ਨੂੰ ਫੇਰ 1934 ਵਿਚ ਫਾਂਸੀ ਹੋਈ ਸੀ ਅਤੇ ਬੈਕੁੰਠ ਸ਼ੁਕਲ ਦਾ ਮੁਕੱਦਮਾ ਹਿੰਦੀ ਵਿਚ ਛਪੀ ਹੋਈ ਹੈ, ਬੜੀ ਮਸ਼ਹੂਰ ਹੈ ਅਤੇ ਜਿਹੜੇ ਅੱਠੇ ਬੰਦੇ ਸੀ ਭਗਤ ਸਿੰਘ ਦੇ ਨਾਲ, ਇਹਨਾਂ ਵਿਚ ਸੁਖਦੇਵ ਵੀ ਸੀ, ਸ਼ਿਵ ਵਰਮਾ ਵੀ ਸੀ, ਇਹਨਾਂ ਵਿਚ ਗਿਆ ਪ੍ਰਸ਼ਾਦ ਕਟਿਆਰ ਵੀ ਸੀ ਅਤੇ ਆਪਣਾ ਇਹ ਵਿਜੈ ਕੁਮਾਰ ਸਿਨਹਾ ਵਗੈਰਾ ਵੀ ਸਨ। ਵਿਜੈ ਕੁਮਾਰ ਸਿਨਹਾ ਅਤੇ ਭਗਤ ਸਿੰਘ ਨੂੰ ਅੰਤਰ-ਪ੍ਰਾਂਤੀ ਕੋਆਰਡੀਨੇਟਰ ਲਾਇਆ ਸੀ। ਇਹ ਦੋਵੇਂ ਸਾਰੇ ਖੇਤਰਾਂ ਦੇ ਇਨਕਲਾਬੀਆਂ ਵਿਚ ਕੋਆਰਡੀਨੇਟਰ ਦਾ ਕੰਮ ਕਰਨਗੇ। ਉਸ ਵਿਜੈ ਕੁਮਾਰ ਸਿਨਹਾ ਨੂੰ ਉਹਨੇ ਕਿਹਾ ਸੀ, ਪਰ ਉਹ ਜ਼ਮਾਨਾ ਹੋਰ ਸੀ, ਆਜ਼ਾਦੀ ਸੰਗਰਾਮ ਦਾ। ਉਸ ਵੇਲੇ ਭਰੋਸੇ ਬੜੇ ਹੁੰਦੇ ਸਨ, ਭੋਲਾਪਨ ਵੀ ਬੜਾ ਹੁੰਦਾ ਸੀ। ਕੁਮਾਰੀ ਲੱਜਿਆ, ਫਿਰੋਜ਼ ਚੰਦ ਸਾਰੇ ਇਕੋ ਸਨ, ਲਾਲਾ ਲਾਜਪਤ ਰਾਇ ਦੇ ਚੇਲੇ ਸਨ ਤੇ ਉਥੋਂ ਜਾ ਕੇ ਸਿੱਧੀ ਉਹ ਫਿਰੋਜ਼ ਚੰਦ ਕੋਲ ਗਈ ਤੇ ਫਿਰੋਜ਼ ਚੰਦ ਨੂੰ ਕਹਿੰਦੀ ਮੈਨੂੰ ਭਗਤ ਸਿੰਘ ਨੇ ਇਹ ਫੜਾਇਆ ਹੈ, ਜੇ ਤੇਰੇ ਕੁੱਝ ਕੰਮ ਦਾ ਹੈ ਤਾਂ ਦੇਖ ਲੈ। ਇਕ ਗੱਲੋਂ ਚੰਗਾ ਵੀ ਹੋਇਆ, ਬੇਸ਼ੱਕ ਉਹਨੇ ਭਗਤ ਸਿੰਘ ਦਾ ਭਰੋਸਾ ਤੋੜਿਆ ਹੀ। ਕਿਉਂਕਿ ਲਾਲਾ ਫਿਰੋਜ਼ ਚੰਦ ਉਹਦੇ ਵਿੱਚੋਂ ਜਿਹੜੀਆਂ ਸਭ ਤੋਂ ਮਹੱਤਵਪੂਰਨ ਲਿਖਤਾਂ ਸਨ, Why I am an Atheist (ਮੈਂ ਨਾਸਤਿਕ ਕਿਉਂ ਹਾਂ) ਉਹ 27 ਸਤੰਬਰ ਨੂੰ ਛਾਪੀ। ਨੌਂ ਜੂਨ ਨੂੰ ਹਰੀ ਕਿਸ਼ਨ ਦੀ ਫਾਂਸੀ ਬਾਰੇ ਖਤ ਛਾਪਿਆ। ਉਹਦੇ ਵਿਚ 9 ਜੂਨ ਨੂੰ ਫਾਂਸੀ ਹੋਈ ਹਰੀ ਕਿਸ਼ਨ ਨੂੰ, ਕੁਝ ਸਮੇਂ ਬਾਅਦ ਸ਼ਾਇਦ 23 ਜੂਨ ਨੂੰ ਉਹ ਖਤ ਛਪਿਆ ਅਤੇ 2 ਫਰਵਰੀ 1931 ਵਾਲਾ ਖਤ ਸੀ Letter to young Political Workers, ਜਿਹੜਾ ਅੱਜ ਸਭ ਤੋਂ ਵੱਧ ਇਤਿਹਾਸਕ ਦਸਤਾਵੇਜ਼ ਮੰਨਿਆ ਜਾਂਦੈ, ਉਹਦੇ ਵੀ ਕੁਝ ਅੰਸ਼ The People ਨੇ ਛਾਪ ਦਿੱਤੇ ਸਨ।

ਬਾਅਦ ਵਿਚ ਜਿਹੜੇ ਬਚੇ ਹੋਏ ਕਾਗਜ਼ ਸਨ, ਉਹ ਉਹਨੇ 1938 ਵਿਚ ਜਦੋਂ ਵਿਜੈ ਕੁਮਾਰ ਸਿਨਹਾ ਰਿਹਾਅ ਹੋ ਕੇ ਆਏ ਤਾਂ ਉਸ ਨੂੰ ਪਹੁੰਚਾ ਦਿੱਤੇ ਸਨ। ਵਿਜੈ ਕੁਮਾਰ ਸਿਨਹਾ ਏਨਾ ਕਰੀਬੀ ਸੀ ਭਗਤ ਸਿੰਘ ਦੇ, ਉਹ ਹਰ ਵੇਲੇ ਭਗਤ ਸਿੰਘ-ਭਗਤ ਸਿੰਘ ਹੀ ਸੋਚਦਾ ਰਹਿੰਦਾ ਸੀ। ਉਹ ਕਿਤਾਬ ਲਿਖਣੀ ਚਾਹੁੰਦਾ ਸੀ, ਫਿਲਮਾਂ ਬਣਾਉਣੀਆਂ ਚਾਹੁੰਦਾ ਸੀ। ਫਿਲਮਾਂ ਜਿਹੜੀਆਂ ਬਣੀਆਂ, ਉਸ ਨੇ ਉਹਨਾਂ ਖਿਲਾਫ ਮੁਹਿੰਮਾਂ ਸ਼ੁਰੂ ਕੀਤੀਆਂ, ਪਾਰਲੀਮੈਂਟ ਤੱਕ ਸੁਆਲ ਉਠਾਏ। ਜਿਹੜੀਆਂ ਪਹਿਲੀਆਂ ਇਕ-ਦੋ ਫਿਲਮਾਂ ਬਣੀਆਂ, ਉਹ ਬਹੁਤ ਕੁਢੱਬੀਆਂ ਤੇ ਖਿਲਾਫ ਫਿਲਮਾਂ ਸਨ। ਸ਼ੱਮੀ ਕਪੂਰ ਦੀ ਇਕ ਫਿਲਮ ਸੀ, ਜਿਹੜੀ ਅੱਜ ਕਿਸੇ ਨੂੰ ਪਤਾ ਵੀ ਨਹੀਂ ਹੈ। ਇਕ ਅੱਧ ਵਾਰੀ ਮੈਂ ਥੋੜ੍ਹਾ ਜਿਹਾ ਦੇਖਿਆ ਉਸ ਨੂੰ

9-April-Sunday.qxd 4/8/2023 9:38 PM Page 4

ਸਮਕਾਲੀ ਜਿਊਣ ਢੰਗ ਖ਼ਿਲਾਫ਼ ਲੜਦੇ/ਖੜਦੇ ਨਾਇਕ

ਨਾਬਰ ਪੈੜਾਂ

(ਸ਼ਬਦ ਚਿੱਤਰ)
ਬਲਬੀਰ ਪਰਵਾਨਾ
ਪੰਨੇ 112 ਮੁੱਲ : 150 ਰੁਪਏ
ਪੀਪਲਜ਼ ਫੋਰਮ, ਬਰਗਾੜੀ

ਕਿਤਾਬ ਦੀ



ਪਰਖ ਪੜਚੋਲ

ਹਰਜਿੰਦਰ ਸਿੰਘ ਅਟਵਾਲ (ਡਾ.)

ਬਲਬੀਰ ਪਰਵਾਨਾ ਬਹੁ ਵਿਧਾਈ ਸਾਹਿਤਕਾਰ ਹੈ। ਕਵਿਤਾ ਤੋਂ ਆਰੰਭ ਹੋ ਕੇ ਮਿੰਨੀ ਕਹਾਣੀ, ਕਹਾਣੀ, ਨਾਵਲੈੱਟ, ਨਾਵਲ, ਸ਼ਬਦ ਚਿੱਤਰ ਆਦਿ ਦੀ ਸਿਰਜਣਾ ਕਰਦਾ ਉਹ ਅਨੁਵਾਦ ਅਤੇ ਸੰਪਾਦਨਾ ਦੇ ਕਾਰਜ ਨੂੰ ਬਾ-ਖੂਬੀ ਨਿਭਾਉਂਦਾ ਆ ਰਿਹਾ ਹੈ। ਨਵਾਂ ਜ਼ਮਾਨਾ (ਐਤਵਾਰਤਾ) ਦੇ ਸੰਪਾਦਕ ਰਹਿੰਦਿਆਂ ਉਸ ਦੀ ਸਿਰਜਣਤਾਮਕ ਪਛਾਣ ਹੋਰ ਗੂੜ੍ਹੀ ਹੁੰਦੀ ਹੈ। ਉਸ ਦੀ ਲੇਖਣੀ ਦੀ ਪ੍ਰਤੀਬੱਧਤਾ ਜ਼ਿੰਦਗੀ ਦੇ ਉਸ ਜੀਉਣ ਢੰਗ ਨਾਲ ਜੁੜੀ ਹੋਈ ਹੈ ਜੋ ਸਮਕਾਲੀ ਪ੍ਰਾਪਤ ਜੀਉਣ ਢੰਗ ਨੂੰ ਸਿਰ ਸੁੱਟ ਕੇ ਜੀਊਣ ਦੀ ਬਜਾਏ ਉਸ ਨੂੰ ਸੁਆਲ ਕਰਦਾ ਹੈ। ਇੱਕ ਤਰ੍ਹਾਂ ਨਾਲ ਇਹ ਜੀਉਣ ਨਾਬਰੀ ਦਾ ਰਾਹ ਬਣਦਾ ਹੈ। ਰਵਾਇਤੀ ਕਿਸਮ ਦੀ ਜੀਵਨ ਜਾਂਚ ਉਸ ਦਾ ਰਾਹ ਨਹੀਂ ਸਗੋਂ ਜ਼ਿੰਦਗੀ ਵਿੱਚ ਨਵਾਂ ਸਿਰਜਣ/ਜੀਉਣ, ਲਿਖਣ, ਕਰਨ ਦੀ ਇੱਛਾ ਕਰਨ ਵਾਲੇ ਲੋਕਾਂ ਦੀ ਢਾਣੀ ਦਾ ਉਹ ਹਿੱਸਾ ਬਣਦਾ ਹੈ। ਉਸ ਦੀ ਇਸੇ ਜੀਵਨ ਜਾਂਚ ਵਿੱਚੋਂ ਹੀ ਉਸ ਦੀ ਇਸ ਪੁਸਤਕ ਦੀ ਸਿਰਜਣਾ ਹੁੰਦੀ ਹੈ।

ਇਸ ਪੁਸਤਕ ਦੇ ਆਦਿ-ਕਥਨ ਵਿੱਚ ਉਹ ਸਵੀਕਾਰ ਕਰਦਾ ਹੈ ਕਿ ਕੁਝ ਲੋਕ ਜੀਉਣ ਦੇ ਮੁੱਖ ਵਹਿਣ ਨਾਲ ਸੰਤੁਸ਼ਟ ਨਹੀਂ ਹੁੰਦੇ, ਉਨ੍ਹਾਂ ਨੂੰ ਲੱਗਦਾ ਹੈ ਕਿ ਵਰਤਮਾਨ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਸਹੀ ਨਹੀਂ। ਕੁਝ ਲੋਕ ਉਸ ਖਿਲਾਫ਼ ਜੀਵਨ ਭਰ ਸੁਲਗਦੇ ਰਹਿੰਦੇ ਹਨ ਪਰ ਕੁਝ ਅਜਿਹੇ ਵੀ ਹੁੰਦੇ ਹਨ ਜੋ ਇਸ ਸੁਲਗਣ ਨਾਲ ਸੰਤੁਸ਼ਟ ਨਹੀਂ ਹੁੰਦੇ ਸਗੋਂ ਉਹ ਇਸ ਖ਼ਿਲਾਫ਼ ਖੜਦੇ ਲੜਦੇ ਅਤੇ ਨਵੀਆਂ ਲੀਹਾਂ ਪਾਉਂਦੇ ਹਨ। ਉਹ ਅਜਿਹੀ ਲੜਾਈ ਵਿੱਚ ਤੜਪਦੇ ਨਜ਼ਰ ਤਾਂ ਆਉਂਦੇ ਹਨ ਪਰ ਕਦੇ ਟੁੱਟਦੇ ਨਹੀਂ। ਅਜਿਹੇ ਲੋਕ ਅਕਸਰ ਆਪਣੇ ਵਿਚਾਰਧਾਰਕ ਆਧਾਰਾਂ ਬਾਰੇ ਸਪੱਸ਼ਟ ਹੁੰਦੇ ਹਨ ਨਹੀਂ ਤਾਂ ਭੀੜ ਨੂੰ ਤਾਂ ਜ਼ਿੰਦਗੀ ਦੇ ਸਾਹਾਂ ਨੂੰ ਮਾਨਣ/ਗਿਣਨ ਤੋਂ ਹੀ ਵਿਹਲ ਨਹੀਂ ਮਿਲਦੀ ਅਤੇ ਉਹ ਇਸੇ ਨੂੰ ਹੀ ਅਸਲੀ ਜ਼ਿੰਦਗੀ ਮਾਨਣ ਦੇ ਭੁਲੇਖੇ ਵਿੱਚ ਹੀ ਜੂਨ ਹੰਢਾਉਂਦੇ ਰਹਿੰਦੇ ਹਨ। ਵਿਚਾਰਧਾਰਕ ਤੌਰ ਤੇ ਸਪੱਸ਼ਟ ਅਜਿਹੇ ਲੋਕਾਂ ਦੇ ਸ਼ਬਦ ਚਿਤਰ ਇਸ ਪੁਸਤਕ ਵਿੱਚ ਪੇਸ਼ ਹੋਏ ਹਨ। ਇਹ ਸਾਰੇ ਸ਼ਬਦ ਚਿਤਰ ਪਹਿਲਾਂ ਛਪ ਚੁੱਕੇ ਹਨ। ਪਾਠਕ ਇਨ੍ਹਾਂ ਤੋਂ ਵਾਕਫ਼ ਹਨ ਪਰ ਪੁਸਤਕ ਰੂਪ ਵਿੱਚ ਇੱਕ ਥਾਂ ਆਉਣ ਨਾਲ ਇਨ੍ਹਾਂ ਨੂੰ ਬੱਝਵੇਂ ਅਤੇ ਸਮੱਗਰ ਰੂਪ ਵਿੱਚ ਪੜ੍ਹਨ ਨਾਲ ਇਨ੍ਹਾਂ ਸ਼ਬਦ ਚਿੱਤਰਾਂ ਵਾਲੇ ਨਾਇਕਾਂ ਦੀ ਅਤੇ ਪਰਵਾਨੇ ਦੀ ਪਛਾਣ ਹੋਰ ਗੂੜ੍ਹੀ ਹੁੰਦੀ ਹੈ।

ਇਸ ਪੁਸਤਕ ਵਿੱਚ ਅੱਠ ਉਨ੍ਹਾਂ ਵਿਅਕਤੀਆਂ ਦੇ ਬਾਰੇ ਵਿੱਚ ਵੇਰਵੇ ਦਰਜ ਹਨ ਜਿਨ੍ਹਾਂ ਨੇ ਆਪੋ-ਆਪਣੀ ਜ਼ਿੰਦਗੀ ਵਿੱਚ ਵਿਚਰਦਿਆਂ ਕੁਝ ਨਵਾਂ ਕਰਨ ਦੀ ਗੱਲ ਤੋਰੀ ਹੈ, ਉਹ ਆਪਣੀ ਜ਼ਿੰਦਗੀ ਆਪਣੇ ਅਕੀਦਿਆਂ ਅਨੁਸਾਰ ਜੀਉਣ ਦੀ ਹਾਮੀ ਰਹੇ ਹਨ, ਜੀਵਨ ਵਿੱਚ ਸਮਝੌਤੇ ਕਰਨ ਤੋਂ ਗੁਰੇਜ਼ ਕੀਤਾ ਹੈ। ਅਜਿਹੇ ਲੋਕਾਂ ਨੂੰ ਅਕਸਰ ਉਨ੍ਹਾਂ ਦੇ ਸਮਕਾਲੀ ਰੰਗੜ ਜਾਂ ਨਾਬਰ ਦੀ ਕਤਾਰ ਵਿੱਚ ਖੜੇ ਕਰਦੇ ਹਨ। ਸ਼ਬਦ ਚਿਤਰਾਂ ਦੇ ਇਹ ਸਾਰੇ ਨਾਇਕ ਹੀ ਉਹ ਹਨ ਜੋ ਪਰਵਾਨੇ ਦੇ ਸਮਕਾਲੀ ਹਨ, ਜਿਨ੍ਹਾਂ ਨਾਲ ਪਰਵਾਨੇ ਦਾ ਨੇੜੇ ਦਾ ਵਾਹ ਰਿਹਾ ਹੈ ਜਾਂ ਵਿਚਾਰਧਾਰਕ ਸਾਂਝ ਰਹੀ ਹੈ। ਨਾਬਰੀ ਦੀ ਸੁਰ ਪੰਜਾਬੀ ਸੁਭਾਅ ਦਾ ਇੱਕ ਅਟੁੱਟ ਅੰਗ ਰਹੀ ਹੈ, ਪੰਜਾਬੀਅਤ ਦੀ ਪਛਾਣ ਇਹ ਨਾਬਰੀ ਦੀ ਸੁਰ ਹੀ ਬਣਦੀ ਆ ਰਹੀ ਹੈ। ਇਤਿਹਾਸ ਵਿੱਚ ਇਸ ਦੀਆਂ ਅਨੇਕਾਂ ਮਿਸਾਲ ਮਿਲ ਜਾਂਦੀਆਂ ਹਨ ਜਦੋਂ ਪੰਜਾਬੀਆਂ ਨੇ ਰਵਾਇਤੀ ਜੀਵਨ ਜਾਂਚ ਨੂੰ ਸੁਆਲ ਹੀ ਨਾ ਹੀ ਕੀਤੇ ਸਗੋਂ ਵੰਗਾਰਿਆ ਵੀ ਹੈ। ਬਾਬੇ ਨਾਨਕ ਤੋਂ ਆਰੰਭ ਹੋਇਆ ਇਹ ਵਰਤਾਰਾ ਲਗਾਤਾਰ ਚਲਦਾ ਆ ਰਿਹਾ ਹੈ। ਬਬਰ ਅਕਾਲੀ ਲਹਿਰ ਗ਼ਦਰ ਲਹਿਰ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਤੇ ਉਸ ਦੇ ਸਾਥੀ, ਇਸ ਤੋਂ ਪਹਿਲਾਂ ਪੰਗਾਬ ਦੀ ਅਣਖ ਦੀ ਪਛਾਣ ਦੁੱਲਾ ਭੱਟੀ ਬਣਦਾ ਹੈ। ਇਸੇ ਤਰ੍ਹਾਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਜਿਹੜੀਆਂ ਵੀ ਖ਼ਿਲਾਫ਼ਤ ਦੀਆਂ ਲਹਿਰਾਂ ਖੜੀਆਂ ਹੋਈਆਂ ਪੰਜਾਬੀ ਮਾਨਸ ਦੀ ਹਿੱਸੇਦਾਰੀ ਭਰਵੀਂ ਰਹੀ ਹੈ। ਵਰਤਮਾਨ ਵਿਚਲੇ ਕਿਸਾਨ ਅੰਦੋਲਨ ਵਿੱਚ ਪੰਜਾਬੀਆਂ ਦੀ ਮੋਹਰੀ ਭੂਮਿਕਾ ਇਸ ਦੀ ਸੱਜਰੀ ਮਿਸਾਲ ਬਣਦੀ ਹੈ। ਇਸ ਪਿਛੋਕੜ ਬਾਰੇ ਸੰਖੇਪ ਵੇਰਵਾ ਦੇਣ ਦਾ ਸਾਡਾ ਮਕਸਦ ਇਹ ਹੈ ਕਿ ਜਿਨ੍ਹਾਂ ਅੱਠ ਵਿਸ਼ੇਸ਼ ਵਿਅਕਤੀਆਂ ਬਾਰੇ ਪਰਵਾਨੇ ਨੇ ਸ਼ਬਦ ਚਿੱਤਰ ਲਿਖੇ ਹਨ ਉਨ੍ਹਾਂ ਦੀ ਜੀਵਨ-ਜਾਚ ਵਿਚਲੀ ਵਿਚਾਰਧਾਰਕ ਪ੍ਰਤੀਬੱਧਤਾ ਵਿੱਚ ਕਿਤੇ ਨਾ ਕਿਤੇ ਉਹ ਜੀਵਨ ਜਾਂਚ ਵੀ ਝਲਕਦੀ ਹੈ, ਜੋ ਬਣੀ ਬਣਾਈ ਉਸ ਲੀਹ ਉਪਰ ਤੁਰਨ ਤੋਂ ਇਨਕਾਰੀ ਹਨ ਜਿਸ ਲੀਹ ਨੂੰ ਸਮਾਜਿਕ ਪਰਵਾਨਗੀ ਮੂਕ ਪੱਧਰ ਤੇ ਮਿਲੀ ਹੋਣ ਕਰਕੇ ਬਹੁਤੇ ਲੋਕ ਉਸ ਉੱਪਰ ਹੀ ਸਿਰ ਸੁੱਟ ਕੇ ਤੁਰਦੇ ਰਹਿੰਦੇ ਹਨ।

ਹਥਲੀ ਪੁਸਤਕ ਵਿੱਚ ਸ਼ਾਮਲ ਲੋਕ ਪੱਤਰਕਾਰਤਾ, ਰਾਜਨੀਤੀ, ਸਿੱਖਿਆ ਅਤੇ ਰੰਗ ਮੰਚ ਨਾਲ ਜੁੜੇ ਰਹੇ ਹਨ। ਸੁਹੇਲ ਸਿੰਘ ਦੀ ਪਛਾਣ ਪੰਜਾਬੀ ਪੱਤਰਕਾਰੀ ਵਿੱਚ ਇੱਕ ਅਜਿਹੇ ਯੋਧੇ ਵਜੋਂ ਬਣਦੀ ਹੈ ਜੋ ਭਾਵੇਂ ਆਪਣੀ ਜਥੇਬੰਦੀ ਦੀ ਜੱਦ 'ਚ ਰਹਿੰਦਿਆਂ ਆਪਣੀ ਅਖ਼ਬਾਰ ਵਿੱਚ ਸੰਪਾਦਕੀ ਲਿਖਦਿਆਂ ਪਾਰਟੀ ਹੱਦਬੰਦੀਆਂ ਵਿੱਚ ਵੀ ਰਹਿੰਦਾ ਹੈ ਪਰ ਉਸ ਦਾ ਆਪਣਾ ਜੀਵਨ ਪ੍ਰਤੀ ਅਕੀਦਾ ਬਦਲਦਾ ਨਹੀਂ। ਪਰਵਾਨੇ ਨੇ ਇਸ ਨੇ ਸਾਂਤ ਸੱਤਾ ਅੰਦਰ ਖੋਲਦਾ ਲਾਵਾ ਕਿਹਾ ਹੈ। ਕਿਸੇ ਵੀ ਵਿਅਕਤੀ ਦੀ ਜੀਵਨ ਜਾਚ ਜਦੋਂ ਅਜਿਹੀ ਹੋਵੇ ਕਿ ਉਹ ਜੋ ਕਰ ਰਿਹਾ ਹੈ ਉਸ ਨਾਲ ਪੂਰੀ ਤਰ੍ਹਾਂ ਵਿਚਾਰਧਾਰਕ ਤੌਰ ਸਹਿਮਤ ਨਾ ਹੋਵੇ ਤਾਂ ਉਸ ਅੰਦਰ ਦਾ ਲਾਵਾ ਤਾਂ ਖੌਲਦਾ ਹੀ ਇਸ ਦੀ ਇੱਕ ਉਦਾਹਰਣ ਪਰਵਾਨਾ ਸੁਹੇਲ ਦੀ ਸੰਪਾਦਕੀ ਤੋਂ ਨਾਖੁਸ਼ ਬੈਨੋਆਣਾ ਉਸ ਨੂੰ ਸੁਆਲ ਕਰਦਾ ਹੈ ਕਿ ਉਸ ਬਾਰੇ ਤੇਰੀ ਨਿੱਜੀ ਰਾਏ ਕੀ ਹੈ? ਸੁਹੇਲ ਇਸ ਸਵਾਲ ਤੋਂ ਬਚਦਾ ਹੈ ਪਰ ਬੈਨੋਆਣਾ ਵੀ ਜ਼ਿਦ ਤੇ ਅੜਿਆ ਰਹਿੰਦਾ ਹੈ ਅਖੀਰ ਸੁਹੇਲ ਦੇ ਇਹ ਬੋਲ "ਬਾਬਾ ਜੀ ਤੁਸੀਂ ਮੈਨੂੰ ਪਾਰਟੀ 'ਚੋਂ ਕਿਉਂ ਕਢਾਉਣਾ ਚਾਹੁੰਦੇ ਹੋ?" ਬਾਬਾ ਬੈਨੋਆਣਾ ਦੀ ਤਸੱਲੀ ਤਾਂ ਕਰਾਉਂਦੇ ਤਾਂ ਹੀ ਹਨ ਪਰ ਨਾਲ ਹੀ ਸੁਹੇਲ ਦੀ ਆਪਣੇ ਅਕੀਦੇ ਪ੍ਰਤੀ ਦ੍ਰਿੜ ਰਹਿਣ ਦੀ ਗੱਲ ਪੱਕੀ ਕਰਦੇ ਹਨ।

ਬਾਬਾ ਗੁਰਬਖਸ਼ ਸਿੰਘ ਬੈਨੋਆਣਾ 'ਅਜੀਤ' ਅਖ਼ਬਾਰ ਤੋਂ ਨਵਾਂ ਜ਼ਮਾਨਾ ਵਲ ਪਰਤਦਾ ਹੈ। ਪੱਤਰਕਾਰੀ ਨਾਲ ਜੁੜੇ ਲੋਕ ਇਸ ਨੂੰ ਉਲਟ ਵਹਿਣ ਕਹਿਣਗੇ ਕਿਉਂ ਜੋ ਬਹੁਤ ਅਜਿਹੇ ਲੋਕ ਹਨ ਜਿਨ੍ਹਾਂ ਨੇ ਨਵਾਂ ਜ਼ਮਾਨਾ ਤੋਂ ਪੱਤਰਕਾਰਤਾ ਦੀ ਸਿਖਲਾਈ ਲੈ ਕੇ ਅਜੀਤ, ਪੰਜਾਬੀ, ਟ੍ਰਿਬਿਊਨ ਅਤੇ ਹੋਰ ਨਵੀਂ ਛਪ ਰਹੀਆਂ ਅਖਬਾਰਾਂ ਵਿੱਚ ਕੰਮਕਾਰ ਕੀਤਾ ਜਾਂ ਕਰ ਰਹੇ ਹਨ ਪਰ ਬਾਬਾ ਪਹਿਲਾਂ ਅਜੀਤ ਵਿੱਚ ਕੰਮ ਕਰਕੇ ਨਵਾਂ ਜ਼ਮਾਨਾ ਵੱਲ ਇਸ ਕਰਕੇ ਪਰਤਦਾ ਹੈ ਕਿ ਉਹ ਆਪਣੇ ਵਿਚਾਰਧਾਰਕ ਪੈਂਤੜੇ ਨੂੰ ਸਹੀ ਸੇਧ ਦੇਣ ਦਾ ਯਤਨ ਕਰਦਾ ਰਹੇ। ਉਂਜ ਵੀ ਉਸ ਸਮੇਂ ਦੀ ਅਕਾਲੀ ਸਿਆਸਤ ਨਾਲ ਜੁੜੇ ਵੱਡੇ ਲੋਕਾਂ ਦੇ ਸੰਪਰਕ ਵਿੱਚ ਸੀ ਬਾਬਾ ਪਰ ਉਹ ਕਿਤੇ ਵੀ ਇਨ੍ਹਾ ਦੀ ਨੇੜਤਾ ਨੂੰ ਆਪਣੀ ਤਰੱਕੀ ਲਈ ਪੌੜੀ ਨਹੀਂ ਬਣਾਉਂਦਾ ਸਗੋਂ ਆਪਣੀ ਮਿਥੀ ਹੋਈ ਸੇਧ ਵਲ ਤੁਰਿਆ ਜਾਂਦਾ ਹੈ। ਇੱਕ ਸਮੇਂ ਜਦੋਂ ਉਸ ਨੂੰ ਲੱਗਣ ਲੱਗਿਆ ਕਿ ਨਵਾਂ-ਜ਼ਮਾਨਾ ਦੇ ਸਾਹ ਘੁੱਟਵੇਂ ਮਾਹੌਲ ਵਿੱਚ ਉਹ ਹੁਣ ਫਿਟ ਨਹੀਂ ਤੋਂ ਉਹ ਇਸ ਨੂੰ ਅਲਵਿਦਾ ਕਹਿ ਕੇ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਦੀ ਸਰਗਰਮੀਆਂ ਨਾਲ ਜਾ ਜੁੜਦਾ ਹੈ ਅਤੇ ਪੰਜਾਬੀ ਲੇਖਕ ਸਭਾ ਵਿੱਚ ਸਰਗਰਮ ਭੂਮਿਕਾ ਨਿਭਾਅ ਰਿਹਾ ਹੁੰਦਾ ਹੈ। ਬੈਨੋਆਣਾ ਦੀ ਜ਼ਿੰਦਗੀ ਆਪਣੀ ਮਿਸਾਲ ਆਪ ਹੈ। ਜਗਜੀਤ ਸਿੰਘ ਆਨੰਦ ਦਾ ਖੱਬੇ ਪੱਖੀ ਰਾਜਨੀਤੀ, ਸਾਹਿਤਕਾਰੀ ਅਤੇ ਪੱਤਰਕਾਰੀ ਵਿੱਚ ਇੱਕ ਅਹਿਮ ਮੁਕਾਮ ਹੈ। ਨਵਾਂ ਜ਼ਮਾਨਾ ਬਾਰੇ ਗੱਲ ਕਰਦਿਆਂ ਅੱਜ ਜਿਹੜੇ ਕੁਝ ਇੱਕ ਗਿਣਵੇਂ ਨਾਵਾਂ ਤੋਂ ਬਿਨ੍ਹਾਂ ਗੱਲ ਮੁਕੰਮਲ ਨਹੀਂ ਹੋ ਸਕਦੀ ਆਨੰਦ ਜੀ ਉਸ ਵਿੱਚ ਸ਼ੁਮਾਰ ਹਨ। ਪਰਵਾਨੇ ਨੇ ਉਨ੍ਹਾਂ ਨਾਲ ਲੰਮਾ ਸਮਾਂ ਕੰਮ ਕੀਤਾ, ਉਨ੍ਹਾਂ ਤੋਂ ਕਈ ਕੁਝ ਸਿੱਖਿਆ ਵੀ, ਪਰ ਪਰਵਾਨਾ ਜਦੋਂ ਇਹ ਕਹਿੰਦਾ ਹੈ ਕਿ ਏਡੇ ਵੱਡੇ ਹੁੰਦਿਆਂ ਵੀ ਉਹ ਆਪਣੀ ਗੱਲ ਕਿਸੇ ਉਪਰ ਠੋਸਦੇ ਨਹੀਂ ਸਨ, ਤਰਕ ਨਾਲ ਹੋਈ ਗੱਲ ਸਵੀਕਾਰ ਕਰਦੇ ਸਨ ਤਾਂ ਆਨੰਦ ਹੋਰਾਂ ਦੀ ਜੀਵਨ ਜਾਚ ਦਾ ਇੱਕ ਨਿਵੇਕਲਾ ਪਹਿਲੂ ਪਾਠਕਾਂ ਸਾਹਮਣੇ ਆਉਂਦਾ ਹੈ। ਕ੍ਰਿਸ਼ਨ ਭਾਰਦਵਾਜ ਵੀ 'ਨਵਾਂ ਜ਼ਮਾਨਾ' ਦਾ ਇੱਕ ਅਟੁੱਟ ਅੰਗ ਸੀ। ਭਾਵੇਂ ਉਸ ਨੇ ਪ੍ਰਬੰਧਕੀ ਕਾਰਜਾਂ ਵਿੱਚ ਤਨਦੇ ਹੀ ਨਾਲ ਆਪਣੇ ਆਖਰੀ ਸਾਹਾਂ ਤਕ ਸੇਵਾ ਨਿਭਾਈ ਪਰ ਵਿਚਾਰਧਾਰਕ ਪੈਂਤੜੇ ਤੋਂ ਉਹ ਕਦੀ ਵੀ ਥਿੜਕਿਆ ਨਹੀਂ। ਪਰਵਾਨਾ ਉਸ ਨੂੰ ਸਿੱਕੇਬੰਦ ਕਾਮਰੇਡ ਕਹਿੰਦਾ ਹੈ। ਆਪਣੇ ਲੇਖ ਦੇ ਆਰੰਭ ਵਿੱਚ ਹੀ ਜਦੋਂ ਪਰਵਾਨਾ ਵਰ੍ਹਦੇ ਮੀਂਹ 'ਚ ਉਸ ਦੇ ਘਰ ਦੀ ਬਣਤਰ ਦੇ ਹਾਲਾਤ ਬਿਆਨ ਕਰਦਾ ਹੈ ਤਾਂ ਭਾਰਦਵਾਜ ਦੀ ਸਿਦਕ ਦਿਲੀ ਅਤੇ ਸਿਰੜ ਤੋਂ ਪਾਠਕ ਭਲੀ ਭਾਂਤ ਜਾਣੂੰ ਹੋ ਜਾਂਦਾ ਹੈ। ਹਰ ਕੰਮ ਨੂੰ ਇੱਕ ਸਲੀਕੇ ਨਾਲ ਤੋਰ ਨਿਭਾਉਣ ਵਿੱਚ ਮੁਹਾਰਤ ਸੀ, ਉਸ ਦੀ। ਰਜਨੀਸ਼ ਵੀ ਨਵਾਂ ਜ਼ਮਾਨਾ ਦੇ ਪ੍ਰਬੰਧ ਨਾਲ ਜੁੜਿਆ ਰਿਹਾ ਪਰ ਉਸ ਦੀ ਗੂੜ੍ਹੀ ਪਛਾਣ ਪੰਜਾਬੀ ਗ਼ਲਪ ਆਲੋਚਕ ਦੀ ਸਥਾਪਤ ਹੋਈ, ਖਾਸ ਕਰਕੇ ਕਿਸੇ ਹੋਰ ਦੇ ਸਹਾਰੇ ਆਰੰਭ ਕੀਤੇ 'ਪ੍ਰਵਚਨ' ਨੂੰ ਉਦੋਂ ਲਗਾਤਾਰ ਚਲਾਉਣਾ ਜਦੋਂ ਉਸ ਸਹਾਰੇ ਨੇ ਅਚਾਨਕ ਹੱਥ ਪਿਛੇ ਖਿਚ ਲਿਆ। ਪ੍ਰਵਚਨ ਰਾਹੀਂ ਪੰਜਾਬੀ ਕਹਾਣੀ ਦੇ ਸਮਕਾਲੀ ਨਕਸ਼ ਪਛਾਨਣ ਲਈ ਕਾਰਵਾਈਆਂ ਗੋਸ਼ਟੀਆਂ ਪੰਜਾਬੀ ਕਹਾਣੀ ਦੇ ਮੁਲੰਕਣ ਵਿੱਚ ਜੋ ਨਵੀਂਆਂ ਪੈੜਾਂ ਸਿਰਜਦੀਆਂ ਰਹੀਆਂ ਹਨ ਅਤੇ ਜਿਸ ਪ੍ਰਤੀਬੱਧਤਾ ਨਾਲ ਰਜਨੀਸ਼ ਨੇ ਉਸ ਵਿੱਚ ਕੰਮ ਕੀਤਾ ਹੈ, ਉਹ ਯਾਦ ਰਹੇਗੀ। ਸੁਖਦਰਸ਼ਨ ਨੱਤ ਰਾਜਨੀਤਕ ਖੇਤਰ ਵਿੱਚ ਅਜਿਹਾ ਨਾਮ ਹੈ ਜੋ ਆਪਣੇ ਪਰਿਵਾਰ ਸਮੇਤ ਖੱਬੇ ਪੱਖੀ ਲਹਿਰ ਦੇ ਇੱਕ ਹਿੱਸੇ ਨਾਲ ਜੁੜਿਆ ਆ ਰਿਹਾ ਹੈ। ਕਿਸਾਨ ਅੰਦੋਲਨ ਵਿੱਚ ਇਸ ਪਰਵਾਰ ਦੀ ਮਿਸਾਲੀ ਭੂਮਿਕਾ ਪੰਜਾਬੀ ਲੋਕਾਂ ਨੂੰ ਫਿਰ ਉਸ ਬਾਰੇ ਚਰਚਾ ਛੇੜਨ ਲਈ ਪਰੇਰਦੀ ਰਹੀ। ਜ਼ਿੰਦਗੀ ਵਿਚਲੀ ਕਿਸੇ ਪ੍ਰਤੀਬੱਧਤਾ ਨਾਲ ਕਿਵੇਂ ਨਿਭਣਾ ਹੈ, ਇਸ ਦੀ ਮਿਸਾਲ ਨੱਤ ਵਾਲੇ ਲੇਖ 'ਚੋਂ ਮਿਲ ਸਕਦੀ ਹੈ। ਤਸਕੀਨ ਸਾਡੀ ਸਮਿਆਂ ਦਾ ਚਿੰਤਕ ਹੈ। ਨਿੱਜੀ ਜ਼ਿੰਦਗੀ ਵਿੱਚ ਆਏ ਉਤਾਰ/ਚੜ੍ਹਾਅ ਉਸ ਨੂੰ ਉਸ ਦੇ ਅਕੀਦੇ ਤੋਂ ਖਿੜਕਾ ਨਹੀਂ ਸਕੇ ਸਗੋਂ ਆਪਣੀ ਧੁਨ 'ਚ ਆਪਣੇ ਚੁਣੇ ਹੋਏ ਰਸਤੇ ਤੇ ਨਿਰੰਤਰ ਅਤੇ ਬੇਖੌਫ਼ ਤੁਰਦਾ ਜਾ ਰਿਹਾ ਹੈ। ਪੰਜਾਬ ਵਿੱਚ ਇੱਕ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਗੁਰੂ ਨਾਨਕ ਦੇ ਸਮੇਂ ਦਾ ਇਤਿਹਾਸਕ ਵੇਰਵਾ

ਨਾਨਕ ਵੇਲਾ
(ਗੁਰੂ ਨਾਨਕ ਦਾ ਸਮਕਾਲੀ ਸੰਸਾਰ)
ਜਗਦੀਸ਼ ਪਾਪੜਾ
ਮੁੱਲ : 175 ਰੁਪਏ, ਪੰਨੇ : ਪੇਪਰ ਬੈਕ : 120
ਆਟਮ ਆਰਟ ਪ੍ਰਕਾਸ਼ਕ, ਪਟਿਆਲਾ

'ਨਾਨਕ ਵੇਲਾ' ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਦੇ ਕਰਤਾ ਨੇ ਇਤਿਹਾਸਕ-ਦ੍ਰਿਸ਼ਟੀ ਤੋਂ ਇੱਕ ਖੋਜਾਰਥੀ ਵਾਂਗ, ਗੁਰੂ ਨਾਨਕ ਦੇਵ ਦੇ ਕਾਲ ਸਮੇਂ : 1469-1539) ਵਿਚਕਾਰ ਉਸ ਸਮੇਂ ਸਥਾਪਤ ਹੋਈਆਂ ਸਲਤਨਤਾਂ ਅਨੁਸਾਰ ਹੋਈਆਂ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਤਬਦੀਲੀਆਂ ਦਾ ਜ਼ਿਕਰ ਕੀਤਾ ਹੈ। ਦੂਜੇ ਸ਼ਬਦਾਂ ਵਿੱਚ ਇਸ ਪੁਸਤਕ ਵਿੱਚ ਗੁਰੂ ਨਾਨਕ ਕਾਲ ਵਿੱਚ ਵਾਪਰੀਆਂ ਵੱਡੀਆਂ ਸੰਸਾਰਕ ਘਟਨਾਵਾਂ, ਵਰਤਾਰਿਆਂ, ਖੋਜਾਂ ਅਤੇ ਉਸ ਸਮੇਂ ਦੀਆਂ ਕੁਝ ਸਿਰ-ਕੱਢ ਸ਼ਖਸੀਅਤਾਂ ਬਾਰੇ ਵਿਵਰਣ ਪੇਸ਼ ਹਨ। ਜਿਵੇਂ ਕੁਨਸਤੁਨਤੁਨੀਆ ਦਾ ਢਹਿ-ਢੇਰੀ ਹੋਣ ਦਾ ਵਿਵਰਣ ਹੀ ਪੇਸ਼ ਨਹੀਂ ਕੀਤਾ, ਬਲਕਿ ਉਸ ਸਮੇਂ ਦੀਆਂ ਪ੍ਰਸਿੱਧ ਹਸਤੀਆਂ ਮਾਰਟਿਨ ਲੂਥਰ, ਕ੍ਰਿਸਟੋਫਰ, ਕੋਲੰਬਸ, ਵਾਸਕੋਡੀਗਾਮਾ, ਬਾਰਟੋਲੋਮਿਓ ਡਾਇਸ, ਫਰਡੀਨੈਂਡ, ਮੈਗਲਾਨ, ਨਿਕੋਲਸ, ਕੋਪਰਨੀਕਸ, ਨਿਕੋਲੋਸ ਕੋਪਰ ਨੀਕਸ, ਨਿਕੋਲੋ ਮੈਕਿਆਵੀ, ਲਿਓਨਾਰਡੋ ਦਾ ਵਿੰਚੀ ਵਰਗੇ ਮਹਾਂ-ਪੁਰਸ਼ਾਂ, ਰਾਜਨੀਤਕ ਹਸਤੀਆਂ ਦੇ ਵਸਤੂ ਵੇਰਵੇ, ਇਤਿਹਾਸਕ ਘਟਨਾਵਾਂ ਦਾ ਵੀ ਹਾਲ ਬਿਆਨ ਕੀਤਾ ਹੈ।

ਪੁਸਤਕ ਨਾ ਸਿਰਫ ਇਤਿਹਾਸਕ ਪ੍ਰਸੰਗਾਂ ਸੰਬੰਧੀ ਦਸਤਾਵੇਜ਼ੀ ਖੋਜ ਪੁਸਤਕ ਹੈ, ਬਲਕਿ ਇਤਿਹਾਸ ਵੀ ਹੈ, ਭੂਗੋਲਿਕ ਦ੍ਰਿਸ਼ਟੀ ਤੋਂ ਪੇਸ਼ ਕੀਤੇ ਇਲਾਕੇ ਦਾ ਇੱਕ ਤਰ੍ਹਾਂ ਦਾ ਕਿਸੇ ਹੱਦ ਤੱਕ ਜੁਗਰਾਫੀਆ ਵੀ ਹੈ, ਬਲਕਿ ਮਹਾਨ ਮਨੁੱਖਾਂ ਅਤੇ ਯੁੱਗ ਪਲਟਾਊ ਵਰਤ

9-April-Sunday.qxd 4/8/2023 9:39 PM Page 6

ਜ਼ਫਰ ਇਕਬਾਲ ਨੂੰ ਜ਼ਫਰੀਅਤ ਲਈ ਗੋਲਡ ਮੈਡਲ

ਲਾਹੌਰ-ਲੇਖਕ ਜ਼ਫਰ ਇਕਬਾਲ ਜ਼ਫਰ ਦੀ ਕਿਤਾਬ ਜ਼ਫਰੀਅਤ ਨੂੰ ਇਸ ਦੀ ਵਿਲੱਖਣ ਮਹੱਤਤਾ ਲਈ ਸੋਨੇ ਦਾ ਤਗਮਾ ਦਿੱਤਾ ਗਿਆ। ਐੱਫ.ਜੇ. ਰਾਈਟਰਜ਼ ਫੋਰਮ ਵੱਲੋਂ ਆਯੋਜਿਤ ਅਲਹਮਰਾ ਆਰਟ ਕੌਂਸਲ ਮਾਲ ਰੋਡ, ਲਾਹੌਰ ਵਿਖੇ ਸਰਵੋਤਮ ਪੁਸਤਕਾਂ ਦੇ ਲੇਖਕਾਂ ਨੂੰ ਸੋਨ ਤਗਮੇ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ, ਜਿਸ ਵਿੱਚ ਦੇਸ਼ ਭਰ ਵਿੱਚੋਂ ਆਈਆਂ ਪੁਸਤਕਾਂ ਪ੍ਰਤੀਯੋਗਤਾ 2023 ਦੀਆਂ ਪੁਸਤਕਾਂ ਦਾ ਮੁਲਾਂਕਣ ਕੀਤਾ ਗਿਆ। ਸਾਹਿਤਕ ਸ਼ਖਸੀਅਤਾਂ ਨੂੰ ਸੋਨ ਤਗਮੇ ਲਈ ਨਾਮਜ਼ਦ ਕੀਤਾ ਗਿਆ ਸੀ, ਜਿਸ ਵਿਚ ਜ਼ਫਰ ਇਕਬਾਲ ਜ਼ਫਰ ਦੀ ਪੁਸਤਕ ਜਫਰੀਅਤ ਨੂੰ ਇਸ ਦੀ ਵਿਲੱਖਣ ਮਹੱਤਤਾ ਲਈ ਸੀਨੀਅਰ ਸਾਹਿਤਕ ਸ਼ਖਸੀਅਤਾਂ ਵੱਲੋਂ ਸੋਨ ਤਗਮੇ ਨਾਲ ਸਨਮਾਨਿਤ ਕੀਤਾ ਗਿਆ ਸੀ। ਜ਼ਫਰ ਇਕਬਾਲ ਜ਼ਫਰ ਦਾ ਕਹਿਣਾ ਹੈ ਕਿ ਮੇਰੀ ਇਹ ਪੁਸਤਕ ਰੱਬ ਦੇ ਤੋਹਫੇ ਦਾ ਪ੍ਰਤੀਬਿੰਬ ਹੈ। ਮੇਰੇ ਅੰਦਰ ਬਹੁਤ ਸਾਰੇ ਦ੍ਰਿਸ਼ ਵਾਪਰਦੇ ਹਨ। ਲਿਖਤਾਂ ਅਤੇ ਲਿਖਤਾਂ ਨੂੰ ਜੋੜ ਕੇ ਇੱਕ ਕਿਤਾਬ ਬਣਾਈ ਜਾਂਦੀ ਹੈ। ਬਿਨਾਂ ਸ਼ੱਕ ਇਸ ਸਮਾਗਮ ਦੀ ਸਫਲਤਾ ਲਈ ਜ਼ਿੰਮੇਵਾਰ ਡਾ. ਚੌਧਰੀ ਤਨਵੀਰ ਸਰਵਰ ਦਾ ਬਹੁਤ ਵੱਡਾ ਹੱਥ ਹੈ, ਜਿਸ ਵਿਚ ਮਲਿਕ ਇਮਦਾਦ ਇਲਾਹੀ ਅਤੇ ਹੋਰ ਨਾਮਵਰ ਸ਼ਖਸੀਅਤਾਂ ਹਨ। ਲਿਖਣਾ-ਲਿਖਣਾ ਇਕ ਪਵਿੱਤਰ ਕਿੱਤੇ ਦਾ ਨਾਂਅ ਹੈ ਅਤੇ ਇਹ ਇਕ ਪੂਜਾ ਵਰਗਾ ਕੰਮ ਹੈ, ਇਸ ਲਈ ਇਸ ਵਿਚ ਇਰਾਦਿਆਂ ਦੀ ਵੱਡੀ ਸ਼ਮੂਲੀਅਤ ਹੈ। ਉਸ ਰੱਬ ਵਰਗੀ ਅਦ੍ਰਿਸ਼ਟ ਭਾਵਨਾ ਦਾ ਨਾਂਅ ਹੈ, ਜੋ ਆਪਣੇ ਸੇਵਕਾਂ ਨੂੰ ਕਦੇ ਵੀ ਇਕੱਲਾ ਨਹੀਂ ਛੱਡਦਾ, ਉਹ ਅੱਜ ਹੈ ਲੋਕ ਆਪਣੀ ਇੱਜ਼ਤ ਕਰਨ ਲੱਗ ਪੈਂਦੇ ਹਨ। ਮੇਰੀ ਪੁਸਤਕ ਜਫਰੀਅਤ ਲਈ ਸੋਨੇ ਦਾ ਤਗਮਾ ਹਾਸਲ ਕਰਨਾ ਪੁਸਤਕ ਦੀ ਕਦਰ ਕਰਨ ਦਾ ਨਾਂਅ ਹੈ ਅਤੇ ਮੈਂ ਹਰ ਉਸ ਸਾਹਿਤਕਾਰ ਹੀਰੇ ਨੂੰ ਸਲਾਮ ਕਰਦਾ ਹਾਂ, ਜੋ ਸਾਹਿਤ ਨੂੰ ਪਿਆਰ ਕਰਦਾ ਹੈ, ਪੁਸਤਕਾਂ ਪੜ੍ਹਦਾ ਹੈ ਅਤੇ ਜਿਸ ਨੂੰ ਸਾਹਿਤ ਨਾਲ ਪਿਆਰ ਹੋ ਜਾਂਦਾ ਹੈ। ਪੜ੍ਹਨ ਦੇ ਨਾਲ ਕਿਤਾਬ ਤੁਹਾਨੂੰ

ਬਿਨਾਂ ਕੋਈ ਕਦਮ ਚੁੱਕੇ ਦੁਨੀਆ ਦੀ ਯਾਤਰਾ ਕਰਨ ਦਾ ਨਾਂਅ ਹੈ। ਸੋਸ਼ਲ ਮੀਡੀਆ ਦੇ ਇਸ ਨਸ਼ਈ ਮਾਹੌਲ ਨੇ ਜਿੱਥੇ ਕਿਤਾਬਾਂ ਅਤੇ ਸਾਹਿਤ ਨੂੰ ਪ੍ਰਫੁੱਲਤ ਕਰਨ ਦਾ ਕੰਮ ਆਸਾਨ ਕਰ ਦਿੱਤਾ ਹੈ, ਉੱਥੇ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੁਸਤਕ ਨਾਲ ਜੋੜਨ ਦੀ ਜ਼ਿੰਮੇਵਾਰੀ 'ਤੇ ਡੂੰਘੀ ਨਿਗ੍ਹਾ ਰੱਖਣੀ ਵੀ ਜ਼ਰੂਰੀ ਹੋ ਗਈ ਹੈ। ਕਲਮ ਵਰਗਾ ਹਥਿਆਰ, ਲਿਖਤ ਅਤੇ ਪੁਸਤਕ ਦੀ ਰੱਖਿਆ ਤੋਂ ਅਣਗਹਿਲੀ ਨਹੀਂ ਕਰਨੀ ਚਾਹੀਦੀ, ਸਾਹਿਤ ਹੀ ਹੈ, ਜੋ ਮਨੁੱਖ ਨੂੰ ਬੋਲਣ ਦਿੰਦਾ ਹੈ। ਸਮਾਜ ਨੂੰ ਇੱਕ ਸੁਗੰਧਿਤ ਮਾਹੌਲ ਵਿੱਚ ਇੱਕ ਸੁਹਾਵਣਾ ਭਾਵਨਾ ਨਾਲ ਵਧਣਾ ਚਾਹੀਦਾ ਹੈ। ਮੈਂ ਇਸ ਦੀ ਸ਼ਲਾਘਾ ਕਰਦਾ ਹਾਂ।

ਜਗਰਾਜ ਚੰਦਰ ਰਾਏਸਰ ਦਾ ਸਨਮਾਨ 23 ਨੂੰ

ਬਰਨਾਲਾ-ਲੇਖਕ-ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਾਲ 2023 ਲਈ ਸ੍ਰੀਮਤੀ ਮਨਜੀਤ ਕੌਰ ਅਤੇ ਸ. ਤਰਲੋਚਨ ਸਿੰਘ ਚੰਡਿਹੋਕ ਯਾਦਗਾਰੀ ਪਹਿਲਾ ਪਾਠਕ ਪੁਰਸਕਾਰ ਜਗਰਾਜ ਚੰਦ ਰਾਏਸਰ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਸਭਾ ਦੇ ਸੰਸਥਾਪਕ/ਪ੍ਰਧਾਨ ਤੇਜਿੰਦਰ ਚੰਡਿਹੋਕ ਅਤੇ ਜਨਰਲ ਸਕੱਤਰ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਪ੍ਰੈੱਸ ਨੂੰ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਭਾ ਲੇਖਕਾਂ ਅਤੇ ਪਾਠਕਾਂ ਦੀ ਸਭਾ ਹੈ, ਇਸ ਲਈ ਇਸ ਸਾਲ ਸਭਾ ਵੱਲੋਂ ਬਣਾਈ ਚੋਣ ਕਮੇਟੀ ਦੀ ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ ਰਾਏਸਰ ਬਰਨਾਲਾ ਦੇ ਵਸਨੀਕ ਅਤੇ ਪਾਠਕ ਜਗਰਾਜ ਚੰਦ ਰਾਏਸਰ ਨੂੰ ਇਹ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਹੈ। ਜਗਰਾਜ ਚੰਦ ਰਾਏਸਰ ਨੂੰ ਇਹ ਪੁਰਸਕਾਰ 23 ਅਪ੍ਰੈਲ ਨੂੰ ਭੇਟ ਕੀਤਾ ਜਾਵੇਗਾ। ਜਗਰਾਜ ਚੰਦ ਰਾਏਸਰ ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਸੋਸਾਇਟੀ ਰਜਿ. ਰਾਏਸਰ ਦਾ ਮੈਂਬਰ ਹੈ ਅਤੇ ਸਾਹਿਤ ਦਿਲਚਸਪੀ ਨਾਲ ਪੜ੍ਹਦਾ ਹੈ। ਇਸ ਪਾਠਕ ਦਾ ਪਹਿਲਾਂ ਕੋਈ ਸਨਮਾਨ ਨਹੀਂ ਹੋਇਆ। ਇਸ ਪੁਰਸਕਾਰ ਤੋਂ ਪਹਿਲਾਂ ਪਿਛਲੇ ਸਾਲ ਪਹਿਲੇ ਲੇਖਕ ਚਰਨੀ ਬੇਦਿਲ ਦਾ ਸਨਮਾਨ ਕੀਤਾ ਗਿਆ ਸੀ। ਇਸ ਸਨਮਾਨ ਵਿੱਚ ਮਾਣ ਪੱਤਰ, ਲੋਈ, ਪੁਸਤਕਾਂ ਤੋਂ ਬਿਨਾਂ ਨਗਦ ਰਾਸ਼ੀ ਵੀ ਸ਼ਾਮਲ ਹੁੰਦੀ ਹੈ।

ਸਾਹਿਤ ਚਿੰਤਨ ਦੀ ਮਾਸਿਕ ਬੈਠਕ

ਚੰਡੀਗੜ੍ਹ : ਸਾਹਿਤ ਚਿੰਤਨ, ਚੰਡੀਗੜ੍ਹ ਦੀ ਇਕੱਤਰਤਾ 2 ਅਪ੍ਰੈਲ ਨੂੰ ਡਾ. ਸੁਖਦੇਵ ਸਿੰਘ ਸਿਰਸਾ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ। ਪ੍ਰੋ. ਸੁਰਿੰਦਰ ਗਿੱਲ ਜੈਪਾਲ ਦੇ ਕਾਵਿ ਸੰਗ੍ਰਹਿ-'ਇਕ ਸਫ਼ਾ ਮੇਰਾ ਵੀ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਅਜੋਕੇ ਫਾਸ਼ੀਵਾਦੀ ਦੌਰ ਦਾ ਮੁਕਾਬਲਾ ਕਰਨ ਲਈ ਕਵਿਤਾ ਵੀ ਓਨੀ ਹੀ ਬਲਵਾਨ ਲਿਖਣੀ ਪਵੇਗੀ। ਨਾਰੀ ਦੇ ਸਾਹਮਣੇ ਪਿਤਰਕੀ ਪ੍ਰਬੰਧ ਤੇ ਜਗੀਰੂ ਪੂੰਜੀਵਾਦ ਖੜ੍ਹਾ ਹੈ। ਉਹ ਆਪਣੇ ਹਿੱਸੇ ਦੀ ਧਰਤੀ ਤੇ ਅਕਾਸ਼ ਤਲਾਸ਼ਦੀ ਹੈ। ਖਪਤ ਸੱਭਿਆਚਾਰ ਸਮਾਜਿਕ ਕਦਰਾਂ ਨੂੰ ਖੋਰ ਰਿਹਾ ਹੈ। ਉਹ ਮਾਨਵੀ ਰਿਸ਼ਤਿਆਂ ਨੂੰ ਕੱਚ ਦੇ ਬਰਤਨਾਂ ਵਾਂਗ ਬਚਾ ਕੇ ਰੱਖਣਾ ਚਾਹੁੰਦੀ ਹੈ। ਬੰਦਾ ਭਾਂਜਵਾਦੀ ਹੋ ਰਿਹਾ ਹੈ। ਜਿਉਣ ਲਈ ਰੋਟੀ ਬੁਨਿਆਦੀ ਲੋੜ ਹੈ। ਕਿਰਤ ਸ਼ਕਤੀ ਵੇਚ ਕੇ ਵੀ ਪੇਟ ਖਾਲੀ ਹੈ। ਕਾਰਪੋਰੇਟਾਂ ਨੇ ਸਾਡੀ ਚੇਤਨਾ ਨੂੰ ਖੁੰਢਾ ਕਰ ਦਿੱਤਾ ਹੈ। ਬਾਜ਼ਾਰ ਬੈੱਡਰੂਮ ਵਿੱਚ ਆ ਵੜਿਆ ਹੈ। ਕਵਿਤਰੀ ਕੋਲ ਸਮਝ ਤੇ ਉਮੀਦ ਹੈ। ਸ਼ਬਦੀਸ਼ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਬਿੰਬ ਵਰਤਦੇ ਸਮੇਂ ਕਵੀ ਨੂੰ ਪਰੰਪਰਕ ਧਰਮ ਦੀ ਪੁਨਰ ਸੁਰਜੀਤੀ ਤੋਂ ਬਚਣਾ ਚਾਹੀਦਾ ਹੈ। ਧਰਮ ਆਸਥਾ ਉੱਤੇ ਅਧਾਰਤ ਹੁੰਦਾ ਹੈ ਤੇ ਇਤਿਹਾਸ ਨੂੰ ਨਹੀਂ ਮੰਨਦਾ। ਜੇਕਰ ਅਤੀਤ ਬਿਹਤਰ ਹੁੰਦਾ ਤਾਂ ਫ਼ਾਸ਼ੀਵਾਦ ਵਾਪਸ ਨਾ ਆਉਂਦਾ। ਪੂੰਜੀਵਾਦ ਦਾ ਸੰਕਟ ਫ਼ਾਸ਼ੀਵਾਦ ਨੂੰ ਬੁਲਾਉਂਦਾ ਹੈ। ਡਾ. ਕਾਂਤਾ ਇਕਬਾਲ ਨੇ ਕਿਹਾ ਕਿ 'ਇਕ ਸਫ਼ਾ ਮੇਰਾ ਵੀ' ਆਪਣਾ ਪੱਖ ਰੱਖਣ ਦੀ ਕੋਸ਼ਿਸ਼ ਹੈ। ਸ੍ਰੀ ਅਭੈ ਸਿੰਘ ਸੰਧੂ ਨੇ ਕਿਹਾ ਕਿ ਇਹ ਕਵਿਤਾ ਮਜਬੂਰੀਵੱਸ ਪੜ੍ਹਨ ਵਾਲੀ ਨਹੀਂ ਹੈ। ਇੱਕ ਸਫ਼ੇ ਦੇ ਬਹਾਨੇ ਕਵਿਤਰੀ ਆਪਣੀ ਗੱਲ ਸ਼ਾਮਲ ਕਰਨਾ ਚਾਹੁੰਦੀ ਹੈ। ਡਾ. ਜਸਪਾਲ ਸਿੰਘ ਨੇ ਕਿਹਾ ਕਿ ਇਹ ਸਮਾਜਿਕ ਤੇ ਸਿਆਸੀ ਤੌਰ 'ਤੇ ਸੁਚੇਤ ਨਜ਼ਮਾਂ ਹਨ। ਇਸ ਵਿੱਚ ਹਰੀ ਕ੍ਰਾਂਤੀ ਤੋਂ ਪਹਿਲਾਂ ਦਾ ਹੇਰਵਾ ਹੈ। ਸ੍ਰੀ ਜਸਦੀਪ ਸਿੰਘ ਨੇ ਕਿਹਾ ਕਿ ਕੋਈ ਵੀ ਲਹਿਰ ਔਰਤਾਂ ਨੂੰ ਮਨਫੀ ਕਰਕੇ ਅੱਗੇ ਨਹੀਂ ਵਧ ਸਕਦੀ। ਪ੍ਰੋ. ਜੈਪਾਲ ਸਿੰਘ ਨੇ ਕਿਹਾ ਕਿ ਗੰਨੇ ਪੀੜਨ ਪਿੱਛੋਂ ਗੁੜ ਬਣਾਉਣ ਵੇਲੇ ਕੁਝ ਮੈਲ ਰਹਿ ਵੀ ਸਕਦੀ ਹੈ, ਪਰ ਸੁਰਿੰਦਰ ਕੌਰ ਇੱਕ ਸਫ਼ੇ ਨਾਲੋਂ ਵੱਡੀ ਕਿਤਾਬ ਹੈ।

ਸ੍ਰੀਮਤੀ ਸ਼ਰਨਜੀਤ ਕੌਰ ਨੇ ਕਿਹਾ ਕਿ ਇਹ ਨਿੱਘੇ ਰਿਸ਼ਤਿਆਂ ਦੀ ਸ਼ਾਇਰੀ ਹੈ। ਪ੍ਰੋ. ਸੁਰਿੰਦਰ ਗਿੱਲ ਜੈਪਾਲ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਔਰਤ ਨੂੰ ਸਮਾਜਿਕ ਵਿਸ਼ਿਆਂ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਸ਼ਬਦਹੀਣ ਤੇ ਸਾਧਨਹੀਣ ਲੋਕ ਉਸ ਦੀ ਕਵਿਤਾ ਹਨ। ਔਰਤ ਬਹੁਤੀ ਦੇਰ ਜਗੀਰੂ ਵਿਰਾਸਤ ਦਾ ਬੋਝ ਨਹੀਂ ਢੋਅ ਸਕਦੀ। ਉਹ ਅੰਦਰਲੇ ਖੜਕੇ ਨੂੰ ਸੁਣਦੀ ਹੈ। ਮੇਰਾ ਕੋਈ ਵੱਖਰਾ ਸਫ਼ਾ ਨਹੀਂ ਹੈ। ਇਹ ਸਮਾਜ ਦੀ ਕਿਤਾਬ ਦਾ ਭਾਗ ਹੈ। ਜੇਕਰ ਕਾਰਪੋਰੇਟ ਜੀਵਨ ਦੇ ਸਾਰੇ ਸਾਧਨ ਖੋਹ ਲੈਣਗੇ ਤਾਂ ਸਾਡੇ ਕੋਲ ਕੁਝ ਨਹੀਂ ਬਚਣਾ। ਅਸੀਂ ਇਹਦੇ ਖ਼ਿਲਾਫ਼ ਲੜਨਾ ਹੈ।

ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਬਾਪ ਬੱਚੇ ਨੂੰ ਪੋਹਲੀ ਤੋਂ ਬਚਣ ਲਈ ਨਹੀਂ, ਪੁੱਟਣ ਦੀ ਜਾਚ ਵੀ ਸਿਖਾਵੇ। ਕਵਿਤਾ ਨਾਲ ਕਹੀ ਵੀ ਚਲਾਉਣੀ ਸਿਖਾਵੇ। ਕਵੀ ਕੋਲ ਵੱਖਰੀ ਭਾਸ਼ਾ, ਦ੍ਰਿਸ਼ਟੀ ਤੇ ਅਹਿਸਾਸ ਹੁੰਦਾ ਹੈ। ਅਸੀਂ ਔਰਤ ਦੀ ਆਵਾਜ਼ ਤੇ ਹੱਕੀ ਲੜਾਈ ਨਾ ਖੋਹੀਏ। ਪਿੱਤਰ ਸੱਤਾ ਨੇ ਹੀ ਸੰਸਕਾਰ ਨਿਸ਼ਚਿਤ ਕੀਤੇ ਹਨ। ਅਸੀਂ ਉਸ ਦੀ ਦੇਹ ਦਾ ਅਧਿਕਾਰ ਵੀ ਖੋਹ ਲਿਆ ਹੈ। ਜੇ ਔਰਤ ਦੀ ਦੇਹ ਵੱਖਰੀ ਹੈ ਤਾਂ ਉਸ ਦੀ ਕਵਿਤਾ ਦੀ ਧਾਰ ਵੀ ਵੱਖਰੀ ਹੋਵੇਗੀ। ਪੁਰਸ਼ ਦੀ ਭਾਸ਼ਾ ਸੱਤਾ ਦੀ ਭਾਸ਼ਾ ਹੈ। ਜਦੋਂ ਭਵਿੱਖ ਧੁੰਦਲਾ ਦਿਸੇ ਤਾਂ ਫਿਰ ਅਤੀਤ ਵੱਲ ਮੁੜਨਾ ਗੁਨਾਹ ਨਹੀਂ ਹੁੰਦਾ। ਔਰਤ ਦੇ ਬੈਠਣ-ਉੱਠਣ ਦੇ ਢੰਗ ਉੱਤੇ ਵੀ ਮਰਦ ਦਾ ਦਾਬਾ ਹੈ। ਔਰਤ ਦੀ ਕਵਿਤਾ ਬੰਦੇ ਵਾਂਗ ਕਾਗਜ਼ ਦੀ ਮੁਥਾਜ਼ ਨਹੀਂ। ਉਹ ਦਰੀਆਂ ਅਤੇ ਫੁਲਕਾਰੀਆਂ ਉੱਤੇ ਵੀ ਲਿਖਦੀ ਹੈ। ਉਸ ਦਾ ਅਤੀਤ ਏਨਾ ਖਤਰਨਾਕ ਨਹੀਂ, ਜਿੰਨਾ ਭਵਿੱਖ ਲੱਗਦਾ ਹੈ। ਸੱਜਨ ਸਿੰਘ ਨੇ ਧੰਨਵਾਦ ਸਮੇਂ ਬੋਲਦਿਆਂ ਕਿਹਾ ਕਿ ਅਤੀਤ ਤੋਂ ਬਿਨਾਂ ਚੱਲਿਆ ਵੀ ਨਹੀਂ ਜਾ ਸਕਦਾ। ਉਨ੍ਹਾਂ ਮਿਆਰੀ ਅਤੇ ਸਾਰਥਿਕ ਚਰਚਾ ਉੱਤੇ ਖੁਸ਼ੀ ਦਾ ਇਜ਼ਹਾਰ ਕੀਤਾ।ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ।

—ਸਰਦਾਰਾ ਸਿੰਘ ਚੀਮਾ

'ਚੰਨਣ ਰੁੱਖ' ਰਿਲੀਜ਼

ਸਰੀ-ਹਰਕੀਰਤ ਕੌਰ ਚਾਹਲ ਦਾ ਨਵਾਂ ਨਾਵਲ 'ਚੰਨਣ ਰੁੱਖ' ਰਿਲੀਜ਼ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਦੀ ਪ੍ਰਧਾਨਗੀ ਡਾ. ਸਾਧੂ ਸਿੰਘ, ਡਾ. ਸਾਧੂ ਬਿਨਿੰਗ, ਕਵਿੰਦਰ ਚਾਂਦ, ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ, ਹਰਕੀਰਤ ਕੌਰ ਚਾਹਲ, ਪਰਮਜੀਤ ਦਿਓਲ (ਟੋਰਾਂਟੋ) ਅਤੇ ਕਹਾਣੀਕਾਰਾ ਪਰਵੇਜ਼ ਸੰਧੂ ਨੇ ਕੀਤੀ।

ਡਾ. ਰਮਿੰਦਰ ਕੰਗ ਨੇ ਹਰਕੀਰਤ ਚਾਹਲ ਦੇ ਸਾਹਿਤਕ ਸਫਰ ਬਾਰੇ ਸੰਖੇਪ ਵਿਚ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਹਰਕੀਰਤ ਕੌਰ ਚਾਹਲ ਨੇ ਕਵਿਤਾ ਰਾਹੀਂ ਸਾਹਿਤ ਵਿਚ ਪ੍ਰਵੇਸ਼ ਕੀਤਾ, ਫਿਰ ਕਹਾਣੀਆਂ ਦੀ ਇਕ ਕਿਤਾਬ ਪ੍ਰਕਾਸ਼ਿਤ ਹੋਈ। ਨਾਵਲ 'ਆਦਮ ਗ੍ਰਹਿਣ' ਲਈ ਉਸ ਨੂੰ ਢਾਹਾਂ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਨਾਵਲ ਉੱਪਰ ਪਹਿਲਾ ਪਰਚਾ ਹਰਚੰਦ ਸਿੰਘ ਬਾਗੜੀ ਵੱਲੋਂ ਪੜ੍ਹਿਆ ਗਿਆ, ਜਿਸ ਰਾਹੀਂ ਉਨ੍ਹਾਂ ਨਾਵਲ ਦੇ ਬਿਰਤਾਂਤ ਨੂੰ ਸੰਖੇਪ ਵਿਚ ਪੇਸ਼ ਕੀਤਾ। ਦੂਜਾ ਪਰਚਾ ਪ੍ਰਸਿੱਧ ਲੇਖਿਕਾ ਇੰਦਰਜੀਤ ਕੌਰ ਸਿੱਧੂ ਵੱਲੋਂ ਪੜ੍ਹਿਆ ਗਿਆ। ਉਨ੍ਹਾਂ ਇਸ ਨਾਵਲ ਨੂੰ ਪੰਜਾਬੀ ਦਾ ਇਨਸਾਈਕਲੋਪੀਡੀਆ ਦੱਸਦਿਆਂ ਕਿਹਾ ਕਿ ਹਰਕੀਰਤ ਚਾਹਲ ਨੇ ਇਸ ਨਾਵਲ ਰਾਹੀਂ ਮਾਲਵੇ ਦੀ ਮਹਿਕ ਨਾਲ ਪੰਜਾਬੀ ਸਾਹਿਤ ਨੂੰ ਸਰਸ਼ਾਰ ਕਰ ਦਿੱਤਾ ਹੈ। ਡਾ. ਗੁਰਬਾਜ ਸਿੰਘ ਬਰਾੜ ਨੇ ਨਾਵਲ ਬਾਰੇ ਵਿਚਾਰ ਕਰਦਿਆਂ ਕਿਹਾ ਕਿ ਇਸ ਵਿਚ ਭਾਸ਼ਾਈ ਸੋਝ ਦਾ ਖੂਬਸੂਰਤ ਬਿਰਤਾਂਤ ਹੈ ਅਤੇ ਇਸ ਦੇ ਮੁੱਖ ਪਾਤਰ ਮਾਨਵਤਾ ਨੂੰ ਪ੍ਰਣਾਏ ਹੋਏ ਹਨ।

ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਨੇ ਕਿਹਾ ਕਿ 'ਚੰਨਣ ਰੁੱਖ' ਨਾਵਲ ਦੀ ਸਾਰਥਿਕਤਾ ਇਹ ਹੈ ਕਿ ਇਸ ਰਾਹੀਂ ਇਨਸਾਨੀ ਤਹਿਆਂ ਵਿਚ ਛੁਪਿਆ ਸੱਚ ਹਰਕੀਰਤ ਨੇ ਪਾਠਕਾਂ ਦੇ ਸਨਮੁੱਖ ਲਿਆਂਦਾ ਹੈ। ਸੁਖ ਧਾਲੀਵਾਲ, ਡਾ. ਸਾਧੂ ਸਿੰਘ, ਡਾ. ਸਾਧੂ ਬਿਨਿੰਗ, ਸੁਰਿਦਰ ਚਾਹਲ, ਕਵਿੰਦਰ ਚਾਂਦ, ਪਰਮਜੀਤ ਦਿਓਲ, ਨਵਜੋਤ ਢਿੱਲੋਂ, ਡਾ. ਜਸਬੀਰ ਰੋਮਾਣਾ, ਡਾ. ਪਰਗਟ ਸਿੰਘ ਭੁਰਜੀ, ਪਰਵੇਜ਼ ਸੰਧੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

—ਹਰਦਮ ਮਾਨ

ਚੌਹਾਨ ਨੇ ਲਾਇਬ੍ਰੇਰੀ ਲਈ ਦਿੱਤੀਆਂ ਪੁਸਤਕਾਂ

ਮਹਿਲ ਕਲਾਂ -ਸੋਭਾ ਸਿੰਘ ਚਿੱਤਰਕਾਰ ਅਤੇ ਸੋਹਣ ਸਿੰਘ ਗਿੱਲ ਯਾਦਗਾਰੀ ਲਾਇਬ੍ਰੇਰੀ ਭੱਦਲਵੱਢ ਵਿਖੇ ਪੰਜਾਬੀ ਦੇ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ (ਮੈਂਬਰ ਭਾਰਤੀ ਸਾਹਿਤ ਅਕੈਡਮੀ ਦਿੱਲੀ) ਨੇ 51 ਪੁਸਤਕਾਂ ਭੇਟ ਕੀਤੀਆਂ। ਇਸ ਮੌਕੇ ਉਨ੍ਹਾ ਕਿਹਾ ਕਿ ਜੇਕਰ ਲੋਕਾਂ ਨੇ ਉਲਝਣਾਂ ਅਤੇ ਭੁਲੇਖਿਆਂ ਵਾਲੀ ਜ਼ਿੰਦਗੀ ਤੋਂ ਛੁਟਕਾਰਾ ਪਾਉਣਾ ਹੈ ਤਾਂ ਉਨ੍ਹਾਂ ਨੂੰ ਕਿਤਾਬ ਕਲਚਰ ਨਾਲ ਜੁੜਨਾ ਪਵੇਗਾ। ਇਸ ਮੌਕੇ ਲਾਇਬ੍ਰੇਰੀ ਦੇ ਸੰਚਾਲਕ ਅਜੀਤ ਸਿੰਘ ਗਿੱਲ ਨੇ ਦੱਸਿਆ ਕਿ ਲਾਇਬ੍ਰੇਰੀ ਵਿਚ ਕੁਝ ਲੇਖਕਾਂ ਦੀਆਂ ਕਿਤਾਬਾਂ ਦੀ ਘਾਟ ਹੈ। ਚੌਹਾਨ ਨੇ ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਮੰਗ ਅਨੁਸਾਰ ਇਕ ਮਹੀਨੇ ਅੰਦਰ-ਅੰਦਰ ਕਿਤਾਬਾਂ ਭੇਜ ਦਿੱਤੀਆਂ ਜਾਣਗੀਆਂ। ਇਸ ਗਜ਼ਲ ਮੰਚ ਬਰਨਾਲਾ ਦੇ ਪ੍ਰਧਾਨ ਜਗਜੀਤ ਗੁਰਮ, ਨਾਵਲਕਾਰ ਦਰਸ਼ਨ ਸਿੰਘ ਗੁਰੂ ਅਤੇ ਗਜ਼ਲ ਗਾਇਕ ਲਛਮਣ ਦਾਸ ਮੁਸਾਫਿਰ ਵੀ ਹਾਜ਼ਰ ਸਨ।

-ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ

'ਗਹਿਰੇ ਪਾਣੀਆਂ ਵਿਚ' ਅਤੇ 'ਵਰੋਲੇ ਦੀ ਜੂਨ' ਰਿਲੀਜ਼

ਐਤਵਾਰ, 9 ਅਪ੍ਰੈਲ, 2023
27 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 308

ਨਵਾਂ ਜ਼ਮਾਨਾ

DAILY NAWAN ZAMANA • SUNDAY, 9 APRIL, 2023
ਜਲੰਧਰ
nawan zamana TV
ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਬਿਜਲੀ ਦੀ ਬੱਚਤ ਲਈ ਮਾਨ ਵੱਲੋਂ ਵੱਡਾ ਫੈਸਲਾ

2 ਮਈ ਤੋਂ ਸਵੇਰੇ 7:30 ਵਜੇ ਤੋਂ ਕੰਮ ਕਰਨਗੇ ਸਰਕਾਰੀ ਦਫਤਰ

300-350 ਮੈਗਾਵਾਟ ਬਿਜਲੀ ਦੀ ਹੋਵੇਗੀ ਬੱਚਤ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਇਤਿਹਾਸਕ ਫੈਸਲਾ ਲੈਂਦੇ ਹੋਏ ਵਡੇਰੇ ਜਨਤਕ ਹਿੱਤ 'ਚ ਸਰਕਾਰੀ ਦਫਤਰਾਂ ਦਾ ਸਮਾਂ ਮੌਜੂਦਾ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੋਂ ਬਦਲ ਕੇ ਸਵੇਰੇ 7:30 ਤੋਂ ਦੁਪਹਿਰ 2 ਵਜੇ ਤੱਕ ਕਰਨ ਦਾ ਐਲਾਨ ਕੀਤਾ। ਇਸ ਫੈਸਲੇ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਵਾਂ ਸਮਾਂ-ਸਾਰਣੀ 2 ਮਈ ਤੋਂ ਲਾਗੂ ਹੋਵੇਗਾ ਅਤੇ 15 ਜੁਲਾਈ ਤੱਕ ਲਾਗੂ ਰਹੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਗਰਮੀ ਦੇ ਮੌਸਮ 'ਚ ਭਿਆਨਕ ਗਰਮੀ ਦੇ ਮੱਦੇਨਜ਼ਰ ਇਹ ਫੈਸਲਾ ਆਮ ਲੋਕਾਂ ਨੂੰ ਸਰਕਾਰੀ ਦਫਤਰਾਂ 'ਚ ਆਪਣੇ ਕੰਮ ਸੌਖੇ ਢੰਗ ਨਾਲ ਕਰਵਾਉਣ ਦੇ ਉਦੇਸ਼ ਨਾਲ ਲਿਆ ਗਿਆ। ਭਗਵੰਤ ਮਾਨ ਨੇ ਕਿਹਾ ਕਿ ਇਹ ਫੈਸਲਾ ਸਾਰੀਆਂ ਸਬੰਧਤ ਧਿਰਾਂ ਦੇ ਵਿਚਾਰ-ਵਟਾਂਦਰੇ ਤੋਂ ਬਾਅਦ ਲਿਆ ਗਿਆ ਹੈ ਤਾਂ ਜੋ ਸਾਰਿਆਂ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ ਹੋਰ ਵੇਰਵੇ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਆਮ ਵਿਅਕਤੀ ਆਪਣੇ ਕੰਮ ਤੋਂ ਛੁੱਟੀ ਲਏ ਬਿਨਾਂ ਸਵੇਰ ਦੇ ਸਮੇਂ ਆਪਣਾ ਕੰਮ ਕਰਵਾ ਸਕੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਸਰਕਾਰੀ ਮੁਲਾਜ਼ਮਾਂ ਨੂੰ ਵੀ ਸਹੂਲਤ ਮਿਲੇਗੀ ਕਿਉਂਕਿ ਉਹ ਦਫਤਰੀ ਸਮੇਂ ਤੋਂ ਬਾਅਦ ਸਮਾਜਿਕ ਕਾਰਜਾਂ ਵਿੱਚ ਸ਼ਾਮਲ ਹੋ ਸਕਣਗੇ। ਇਸੇ ਤਰ੍ਹਾਂ ਭਗਵੰਤ ਮਾਨ ਨੇ ਕਿਹਾ ਕਿ ਇਸ ਨਾਲ ਮੁਲਾਜ਼ਮ ਆਪਣੇ ਬੱਚਿਆਂ ਨਾਲ ਵੀ ਵੱਧ ਸਮਾਂ ਬਿਤਾ ਸਕਣਗੇ ਕਿਉਂ ਜੋ ਬੱਚਿਆਂ ਨੂੰ ਵੀ ਓਸੇ ਵੇਲੇ ਸਕੂਲ ਤੋਂ ਛੁੱਟੀ ਹ�ो ਜਾਂਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਫੈਸਲਾ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ 'ਤੇ ਲਾਗੂ ਹੋਵੇਗਾ। ਉਨ੍ਹਾਂ ਨੇ ਉਮੀਦ ਜਾਹਰ ਕੀਤੀ ਕਿ ਇਸ ਨਾਲ ਲਗਭਗ 300-350 ਮੈਗਾਵਾਟ ਬਿਜਲੀ ਦੀ ਬੱਚਤ ਕਰਨ ਵਿੱਚ ਵੀ ਮਦਦ ਮਿਲੇਗੀ ਕਿਉਂਕਿ ਬਿਜਲੀ ਦਾ ਵੱਡਾ ਹਿੱਸਾ ਸਰਕਾਰੀ ਦਫਤਰਾਂ ਵਿੱਚ ਖਪਤ ਹੋ ਰਿਹਾ ਹੈ।

ਭਗਵੰਤ ਮਾਨ ਨੇ ਕਿਹਾ ਕਿ ਪੀ ਐਸ ਪੀ ਸੀ ਐਲ ਦੇ ਅੰਕੜਿਆਂ ਅਨੁਸਾਰ ਪਾਵਰਕਾਮ 'ਤੇ ਪੀਕ ਲੋਡ ਦਿਨ ਵਿੱਚ ਦੁਪਹਿਰ ਇੱਕ ਵਜੇ ਤੋਂ ਬਾਅਦ ਸ਼ੁਰੂ ਹੋ ਜਾਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਵਾਂ ਸਮਾਂ-ਸਾਰਣੀ ਇਹ ਵੀ ਯਕੀਨੀ ਬਣਾਏਗਾ ਕਿ ਲੋਕ ਵੱਧ ਤੋਂ ਵੱਧ ਸੂਰਜ ਦੀ ਰੋਸ਼ਨੀ ਦੀ ਵਰਤੋਂ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਕਈ ਦੇਸ਼ਾਂ 'ਚ ਲੋਕ ਮੌਸਮ ਦੇ ਅਨੁਕੂਲ ਆਪਣੀਆਂ ਘੜੀਆਂ ਐਡਜਸਟ ਕਰਦੇ ਹਨ ਤਾਂ ਜੋ ਉਹ ਧੁੱਪ ਦੀ ਵੱਧ ਤੋਂ ਵੱਧ ਵਰਤੋਂ ਕਰ ਸਕਣ। ਭਗਵੰਤ ਮਾਨ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਆਉਣ ਵਾਲੇ ਦਿਨਾਂ ਵਿੱਚ ਵੀ ਅਜਿਹੇ ਹੋਰ ਨਾਗਰਿਕ ਕੇਂਦਰਿਤ ਫੈਸਲੇ ਲਵੇਗੀ।

ਗਿਰਦਾਵਰੀ ਨਾਲ ਜੁੜੀਆਂ ਸ਼ਿਕਾਇਤਾਂ ਲਈ ਹੈਲਪ ਲਾਈਨ ਨੰਬਰ ਜਾਰੀ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਖੁਦ ਖੇਤਾਂ 'ਚ ਜਾ ਕੇ ਗਿਰਦਾਵਰੀ ਦੀ ਦੇਖ ਰੇਖ ਕਰ ਰਹੇ ਹਨ। ਪਿਛਲੇ ਦਿਨੀਂ ਬੇਮੌਸਮੀ ਬਾਰਿਸ ਕਾਰਨ ਕਿਸਾਨਾਂ ਦੀ ਖਰਾਬ ਹੋਈ ਫਸਲ ਦਾ ਮੁਆਵਜਾ ਦੇਣ ਲਈ ਹਾਲਾਂਕਿ ਮੁੱਖ ਮੰਤਰੀ ਭਗਵੰਤ ਮਾਨ ਐਲਾਨ ਕਰ ਚੁੱਕੇ ਹਨ, ਪਰ ਕਿਸੇ ਕਿਸਾਨ ਨਾਲ ਗਿਰਦਾਵਰੀ 'ਚ ਕੋਈ ਧੱਕਾ ਨਾ ਹੋਵੇ ਇਸ ਲਈ ਧਾਲੀਵਾਲ ਗਿਰਦਾਵਰੀ ਆਪਣੇ ਸਾਹਮਣੇ ਕਰਵਾ ਰਹੇ ਹਨ। ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਹਰੇਕ ਪ੍ਰਭਾਵਿਤ ਕਿਸਾਨ ਨੂੰ ਬਣਦਾ ਮੁਆਵਜ਼ਾ ਮਿਲੇ ਪਰ ਜੇਕਰ ਗਿਰਦਾਵਰੀ ਮੌਕੇ ਕਿਸੇ ਵੀ ਕਿਸਾਨ ਨਾਲ ਕੋਈ ਬੇਇਨਸਾਫੀ ਜਾਂ ਧੱਕਾ ਹੁੰਦਾ ਹੈ ਤਾਂ ਉਹ ਕਿਸਾਨ 9309388088 ਨੰਬਰ 'ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਇਸ ਨੰਬਰ 'ਤੇ ਵੱਟਸਐਪ ਜਰੀਏ ਸ਼ਿਕਾਇਤ ਕੀਤੀ ਜਾ ਸਕਦੀ ਹੈ।

'ਮਹਿੰਗਾਈ ਮੈਨ' ਮੋਦੀ

ਨਵੀਂ ਦਿੱਲੀ : ਕਾਂਗਰਸ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਉਸ ਬਿਆਨ ਕਿ ਰਿਜ਼ਰਵ ਬੈਂਕ ਨੇ ਮਹਿੰਗਾਈ ਦਰ ਨੂੰ 6 ਫੀਸਦੀ ਤੋਂ ਥੱਲੇ ਰੋਕਣ ਦੀ ਕੋਸ਼ਿਸ਼ ਕੀਤੀ ਹੈ, 'ਤੇ ਪਲਟਵਾਰ ਕੀਤਾ। ਕਾਂਗਰਸ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ 'ਮਹਿੰਗਾਈ ਮੈਨ' ਦੱਸਦੇ ਹੋਏ ਰੋਜ਼ਾਨਾ ਦੀਆਂ ਇਸਤੇਮਾਲ ਹੋਣ ਵਾਲੀਆਂ ਚੀਜ਼ਾਂ ਦੀ ਲਿਸਟ ਜਾਰੀ ਕਰਦੇ ਹੋਏ 2013 ਦੇ ਮੁਕਾਬਲੇ ਇਨ੍ਹਾਂ ਕੀਮਤਾਂ 'ਚ ਹੋਏ ਵਾਧੇ ਨੂੰ ਮੁੱਦਾ ਬਣਾਇਆ ਹੈ। ਕਾਂਗਰਸ ਨੇ ਇਹ ਅਭਿਆਨ ਕਰਨਾਟਕ ਦੀਆਂ ਆਗਾਮੀ ਚੋਣਾਂ ਨੂੰ ਧਿਆਨ 'ਚ ਰੱਖਦੇ ਹੋਏ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਕਾਂਗਰਸ ਨੇ ਇਹ ਸਾਫ਼ ਕਹਿ ਦਿੱਤਾ ਸੀ ਕਿ ਉਹ ਪ੍ਰਧਾਨ ਮੰਤਰੀ ਮੋਦੀ ਦੇ ਹਿੰਦੂਤਵ ਨੂੰ ਨਿਸ਼ਾਨਾ ਨਹੀਂ ਬਣਾਏਗੀ।

ਇਸ ਦੀ ਬਜਾਏ ਉਹ ਆਮ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਚੁੱਕੇਗੀ। ਕਾਂਗਰਸ ਆਪਣੇ ਚਾਰ ਵੱਡੇ ਵਾਅਦਿਆਂ ਦੇ ਨਾਲ ਲੋਕਾਂ 'ਚ ਜਾਵੇਗੀ, ਇਨ੍ਹਾਂ 'ਚ ਮਹਿਲਾਵਾਂ ਨੂੰ 2000 ਰੁਪਏ ਪ੍ਰਤੀ ਮਹੀਨਾ, ਬੇਰੁਜ਼ਗਾਰਾਂ ਲਈ 3000 ਰੁਪਏ ਪ੍ਰਤੀ ਮਹੀਨਾ ਅਤੇ ਹਰੇਕ ਪਰਵਾਰਕ ਮੈਂਬਰ ਲਈ 10 ਕਿਲੋ ਚੌਲ ਬੀ ਪੀ ਐੱਲ ਪਰਵਾਰ ਸ਼ਾਮਲ ਹਨ। ਭਾਜਪਾ ਨੂੰ ਘੇਰਨ ਲਈ ਕਾਂਗਰਸ ਨੇ ਪਾਰਟੀ ਦੇ ਟਵਿਟਰ ਹੈਂਡਲ 'ਤੇ ਲੋਕਾਂ ਦੇ ਰੋਜ਼ਾਨਾ ਇਸਤੇਮਾਲ ਹੋਣ ਵਾਲੇ ਸਾਮਾਨ ਦੀ ਲਿਸਟ ਜਾਰੀ ਕੀਤੀ, ਜਿਨ੍ਹਾਂ ਦੀਆਂ ਕੀਮਤਾਂ 'ਚ 2013 ਦੇ ਮੁਕਾਬਲੇ ਦੋ ਤੋਂ ਤਿੰਨ ਗੁਣਾ ਤੱਕ ਦਾ ਵਾਧਾ ਹੋਇਆ ਹੈ। ਲਿਸਟ 'ਚ ਪੈਟਰੋਲ ਅਤੇ ਡੀਜ਼ਲ ਦੀ ਕੀਮਤ 'ਚ ਵਾਧਾ ਵੀ ਸ਼ਾਮਲ ਹੈ। ਪਾਰਟੀ ਕਰਨਾਟਕਾ 'ਚ ਭਾਜਪਾ ਖਿਲਾਫ਼ 40 ਫੀਸਦੀ ਰਿਸ਼ਵਤ ਦੇ ਦੋਸ਼ਾਂ 'ਤੇ ਆਪਣੇ 'ਪੀ ਸੀ ਐੱਮ' ਅਭਿਆਨ ਦੇ ਨਾਲ ਅਤੇ ਚੋਣਾਂ ਤੋਂ ਪਹਿਲਾਂ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ 'ਚ ਵਾਧੇ ਕਾਰਨ, ਕਾਂਗਰਸ ਭਾਜਪਾ ਨੂੰ ਨਿਸ਼ਾਨਾ ਬਣਾ ਰਹੀ ਹੈ।

ਸਮਾਨ	2013	2023
ਆਟਾ (10 ਕਿਲੋ)	210 ਰੁ.	440 ਰੁ.
ਫੁੱਲ ਕ੍ਰੀਮ ਦੁੱਧ	39 ਰੁ.	66 ਰੁ.
ਦੇਸੀ ਘਿਓ	300 ਰੁ.	675 ਰੁ.
ਸਰ੍ਹੋਂ ਦਾ ਤੇਲ	52 ਰੁ.	150 ਰੁ.
ਰਸੋਈ ਗੈਸ	410 ਰੁ.	1103 ਰੁ.
ਪੈਟਰੋਲ	66 ਰੁ.	96 ਰੁ.
ਡੀਜ਼ਲ	52 ਰੁ.	90 ਰੁ.

ਪਾਰਟੀ ਨੇਤਾਵਾਂ ਦਾ ਮੰਨਣਾ ਹੈ ਕਿ ਕਾਂਗਰਸ ਨੇ ਮੁਸਲਿਮਾਂ ਲਈ 4 ਫੀਸਦੀ ਓ ਬੀ ਸੀ ਰਾਖਵਾਂਕਰਨ ਖ਼ਤਮ ਕਰਨ ਦੇ ਸਰਕਾਰ ਦੇ ਫੈਸਲੇ ਦਾ ਓਨੀ ਮਜ਼ਬੂਤੀ ਨਾਲ ਵਿਰੋਧ ਨਹੀਂ ਕੀਤਾ, ਜਿੰਨੀ ਉਮੀਦ ਕੀਤੀ ਜਾ ਰਹੀ ਸੀ।

ਟਰੱਕ-ਕਾਰ ਦੀ ਟੱਕਰ 'ਚ ਪਤੀ-ਪਤਨੀ ਸਮੇਤ 4 ਬੱਚਿਆਂ ਦੀ ਮੌਤ

ਬਲਰਾਮਪੁਰ : ਯੂ ਪੀ ਦੇ ਬਲਰਾਮਪੁਰ ਜ਼ਿਲ੍ਹੇ 'ਚ ਸੜਕ ਹਾਦਸੇ ਵਿੱਚ ਪਤੀ-ਪਤਨੀ ਅਤੇ ਚਾਰ ਬੱਚਿਆਂ ਦੀ ਮੌਤ ਹੋ ਗਈ। ਘਟਨਾ ਸ੍ਰੀਦਤਗੰਜ ਥਾਣਾ ਖੇਤਰ ਅੰਦਰ ਆਉਂਦੇ ਗੌਂਡਾ ਉਤਰੌਲਾ ਸਥਿਤ ਦੇਵਰੀਆ ਬਿਸ਼ੰਭਰਪੁਰ ਦੇ ਨੇੜੇ ਹੋਈ। ਪੁਲਸ ਅਨੁਸਾਰ ਦੇਵਰੀਆ ਨਿਵਾਸੀ 30 ਸਾਲਾ ਸੋਨੂੰ ਸਾਹੂ ਪਰਵਾਰ ਨਾਲ ਕਾਰ ਰਾਹੀਂ ਨੈਨੀਤਾਲ ਗਏ ਸਨ। ਵਾਪਸ ਆਉਂਦੇ ਸਮੇਂ ਦੇਵਰੀਆ ਬਿਸ਼ੰਭਰਪੁਰ ਨੇੜੇ ਉਨ੍ਹਾ ਦੀ ਕਾਰ ਟਰੱਕ ਨਾਲ ਟਕਰਾਅ ਗਈ। ਕਾਰ ਸਵਾਰ ਸਾਰੇ ਛੇ ਲੋਕਾਂ ਦੀ ਮੌਕੇ 'ਤੇ ਮੌਤ ਹੋ ਗਈ। ਕਾਰ ਚਾਲਕ ਦੀ ਜੇਬ 'ਚੋਂ ਆਧਾਰ ਕਾਰਡ ਮਿਲਿਆ, ਜਿਸ ਤੋਂ ਉਸ ਦੀ ਪਛਾਣ ਹੋ ਸਕੀ। ਟੱਕਰ ਏਨੀ ਤੇਜ਼ੀ ਸੀ ਕਿ ਕਾਰ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਨੁਕਸਾਨਿਆ ਗਿਆ।

ਨਸ਼ੇ 'ਚ ਜਹਾਜ਼ ਦਾ ਐਮਰਜੈਂਸੀ ਦਰਵਾਜ਼ਾ ਖੋਲ੍ਹਣ ਲੱਗਾ ਯਾਤਰੀ

ਬੈਂਗਲੂਰੂ : ਇੰਡੀਗੋ ਦੇ ਦਿੱਲੀ ਤੋਂ ਬੰਗਲੌਰ ਜਾ ਰਹੇ ਹਵਾਈ ਜਹਾਜ਼ ਦੇ ਐਮਰਜੰਸੀ ਦਰਵਾਜ਼ੇ ਨੂੰ ਉਡਾਣ ਦੌਰਾਨ ਖੋਲ੍ਹਣ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ ਕਾਨਪੁਰ ਦੇ 30 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਕਾਨਪੁਰ ਦਾ ਰਹਿਣ ਵਾਲਾ ਪ੍ਰਤੀਕ ਸ਼ੁੱਕਰਵਾਰ ਨੂੰ ਇੰਡੀਗੋ ਦੀ ਫਲਾਈਟ ਨੰਬਰ 6-308 'ਚ ਸਫਰ ਕਰ ਰਿਹਾ ਸੀ। ਪ੍ਰਤੀਕ ਸੀਟ 18-ਐੱਫ 'ਤੇ ਬੈਠਾ ਸੀ ਅਤੇ ਨਸ਼ੇ 'ਚ ਸੀ। ਉਹ ਯਾਤਰੀਆਂ ਨੂੰ ਪ੍ਰੇਸ਼ਾਨ ਕਰ ਰਿਹਾ ਸੀ ਤੇ ਉਸ ਨੇ ਜਹਾਜ਼ ਦਾ ਐਮਰਜੰਸੀ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਕਰੂ ਮੈਂਬਰਾਂ ਨੇ ਫਲਾਇਟ ਕੈਪਟਨ ਨੂੰ ਸੂਚਨਾ ਦਿੱਤੀ। ਫਲਾਇਟ ਦੇ ਬੈਂਗਲੂਰੂ ਪਹੁੰਚਣ 'ਤੇ ਯਾਤਰੀ ਨੂੰ ਸੀ ਆਈ ਐੱਸ ਐੱਫ਼ ਹਵਾਲੇ ਕਰ ਦਿੱਤਾ ਗਿਆ। ਉਸ 'ਤੇ 3 ਧਾਰਾਵਾਂ 'ਚ ਮਾਮਲਾ ਦਰਜ ਕਰ ਲਿਆ ਗਿਆ।

ਜ਼ਹਿਰੀਲੀ ਸ਼ਰਾਬ ਨੇ ਲਈ 3 ਮਜ਼ਦੂਰਾਂ ਦੀ ਜਾਨ

ਸੰਗਰੂਰ (ਪ੍ਰਵੀਨ ਸਿੰਘ)

ਸੰਗਰੂਰ ਨੜੇ ਪਿੰਡ ਨਮੋਲ 'ਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ। ਤਿੰਨੇ ਮਜ਼ਦੂਰ ਪਿੰਡ ਨਮੋਲ ਦੇ ਰਹਿਣ ਵਾਲੇ ਹਨ। ਰਾਤ ਨੂੰ ਤਿੰਨਾਂ ਨੇ ਇਕੱਠੇ ਇੱਕ ਹੀ ਥਾਂ ਸ਼ਰਾਬ ਪੀਤੀ। ਦੇਰ ਰਾਤ ਸ਼ਰਾਬ ਪੀ ਕੇ ਉਹ ਘਰ ਜਾ ਕੇ ਸੌਂ ਗਏ। ਸਵੇਰੇ ਜਦ ਉਹ ਨਾ ਉੱਠੇ ਤਾਂ ਪਰਵਾਰ ਵਾਲਿਆਂ ਨੇ ਉਨ੍ਹਾ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ। ਬਾਅਦ 'ਚ ਉਨ੍ਹਾ ਨੂੰ ਪਤਾ ਲੱਗਾ ਕਿ ਉਨ੍ਹਾ ਦੀ ਮੌਤ ਹੋ ਗਈ ਹੈ। ਮਰਨ ਵਾਲਿਆਂ ਦੀ ਪਛਾਣ ਗੁਰਮੇਲ ਸਿੰਘ, ਗੁਰਤੇਜ ਸਿੰਘ ਅਤੇ ਚਮਕੌਰ ਸਿੰਘ ਦੇ ਰੂਪ 'ਚ ਹੋਈ ਹੈ। ਚਮਕੌਰ ਸਿੰਘ ਦੀ ਪਤਨੀ ਦਾ ਕਹਿਣਾ ਹੈ ਕਿ ਉਸ ਦਾ ਪਤੀ ਰੋਜ਼ਾਨਾ ਦੀ ਤਰ੍ਹਾਂ ਸ਼ਰਾਬ ਪੀ ਕੇ ਆਉਂਦਾ ਸੀ ਅਤੇ ਸੌਂ ਜਾਂਦਾ ਸੀ। ਸ਼ਨੀਵਾਰ ਸਵੇਰੇ ਜਦ ਦੇਰ ਤੱਕ ਨਹੀਂ ਉੱਠਿਆ ਤਾਂ ਉਸ ਨੇ ਚਾਦਰ ਚੁੱਕ ਕੇ ਦੇਖਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਉੱਥੇ ਹੀ ਚਮਕੌਰ ਸਿੰਘ ਦੀ ਪਤਨੀ ਨੇ ਦੱਸਿਆ ਕਿ ਉਸ ਦੇ ਘਰ 'ਚ ਕਮਾਉਣ ਵਾਲਾ ਇਕੱਲਾ ਉਹੀ ਸੀ। ਪਿੰਡ ਵਾਲਿਆਂ ਦਾ ਕਹਿਣਾ ਹੈ ਕਿ ਪਿੰਡ 'ਚ ਬਹੁਤ ਸਮੇਂ ਤੋਂ ਨਕਲੀ ਸ਼ਰਾਬ ਦਾ ਕੰਮ ਚੱਲ ਰਿਹਾ ਹੈ, ਇਨ੍ਹਾਂ ਮਜ਼ਦੂਰਾਂ ਦੀ ਮੌਤ ਵੀ ਨਕਲੀ ਸ਼ਰਾਬ ਕਾਰਨ ਹੋਈ ਹੈ।

ਪੁਲਸ ਨੇ ਦੱਸਿਆ ਕਿ ਸਵੇਰੇ ਪਿੰਡ ਦੇ ਸਰਪੰਚ ਦਾ ਫੋਨ ਆਇਆ ਸੀ ਜਿਸ ਨੇ ਦੱਸਿਆ ਕਿ ਉਨ੍ਹਾ ਦੇ

● ਬਾਕੀ ਸਫ਼ਾ 10 'ਤੇ

ਐੱਨ ਆਈ ਏ ਨੇ ਪੰਜਾਬ ਸਰਕਾਰ ਤੋਂ 57 ਗੈਂਗਸਟਰਾਂ ਦੇ ਮੰਗੇ ਵੇਰਵੇ

ਚੰਡੀਗੜ੍ਹ : ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ ਆਈ ਏ) ਨੇ ਪੰਜਾਬ ਸਰਕਾਰ ਤੋਂ 57 ਕਥਿਤ ਗੈਂਗਸਟਰਾਂ ਅਤੇ ਅੱਤਵਾਦੀਆਂ ਦੀਆਂ ਜਾਇਦਾਦਾਂ ਦੇ ਵੇਰਵੇ ਮੰਗੇ ਹਨ। ਇਸ 'ਚ ਐੱਨ ਆਈ ਏ ਨੇ ਸਿੱਖ ਫਾਰ ਜਸਟਿਸ ਨਾਲ ਜੁੜੇ ਅੱਤਵਾਦੀਆਂ ਦੇ ਨਾਂਅ ਵੀ ਸ਼ਾਮਲ ਕੀਤੇ ਹਨ। ਗਲਤ ਤਰੀਕੇ ਨਾਲ ਕਮਾਈ ਹੋਣ 'ਤੇ ਸਰਕਾਰ ਜਾਂਚ ਤੋਂ ਬਾਅਦ ਇਨ੍ਹਾਂ ਸਾਰਿਆਂ ਦੀ ਜਾਇਦਾਦ ਕੁਰਕ ਕਰ ਸਕਦੀ ਹੈ। ਐੱਨ ਆਈ ਏ ਅੱਤਵਾਦੀਆਂ ਅਤੇ ਗੈਂਗਸਟਰਾਂ ਦੁਆਰਾ ਮਿਲ ਕੇ ਬਣਾਏ ਗਏ ਕਲੱਸਟਰ ਨੂੰ ਤੋੜਨ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਇਸ ਦੇ ਲਈ ਐੱਨ ਆਈ ਏ ਵੱਲੋਂ ਦੋ ਐੱਫ ਆਈ ਆਰ ਵੀ ਦਰਜ ਕੀਤੀਆਂ ਗਈਆਂ ਹਨ, ਜਿਸ 'ਚ ਲਾਰੈਂਸ, ਜੱਗੂ ਭਗਵਾਨਪੁਰੀਆ, ਕਾਲਾ ਜਠੇਰਾ, ਭੁੱਪੀ ਆਦਿ ਗੈਂਗਸਟਰਾਂ ਦੇ ਨਾਂਅ ਵੀ ਸ਼ਾਮਲ ਹਨ, ਇਸ ਤੋਂ ਇਲਾਵਾ ਵਿਦੇਸ਼ 'ਚ ਬੈਠੇ ਗੈਂਗਸਟਰ ਲਖਬੀਰ ਲੰਡਾ ਦਾ ਨਾਂਅ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਐੱਨ ਆਈ ਏ ਪੰਜਾਬ, ਹਰਿਆਣਾ, ਯੂ ਪੀ ਅਤੇ ਰਾਜਸਥਾਨ 'ਚ ਅੱਤਵਾਦੀਆਂ ਅਤੇ ਗੈਂਗਸਟਰਾਂ ਦੇ ਟਿਕਾਣਿਆਂ 'ਤੇ ਵੀ ਦੋ ਤੋਂ ਤਿੰਨ ਵਾਰ ਛਾਪੇਮਾਰੀ ਕਰ ਚੁੱਕੀ ਹੈ।

ਰਾਹੁਲ ਨੇ 5 ਸਾਬਕਾ ਕਾਂਗਰਸੀਆਂ ਨੂੰ ਅਡਾਨੀ ਨਾਲ ਜੋੜਿਆ

ਨਵੀਂ ਦਿੱਲੀ : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ਼ਨੀਵਾਰ ਨੂੰ ਅਡਾਨੀ ਦੇ ਮੁੱਦੇ 'ਤੇ ਫਿਰ ਸਵਾਲ ਚੁੱਕੇ। ਉਨ੍ਹਾ ਕਿਹਾ ਕਿ ਸੱਚਾਈ ਛੁਪਾਉਂਦੇ ਹੋ, ਇਸ ਲਈ ਰੋਜ਼ ਭਟਕਾਉਂਦੇ ਹੋ। ਉਨ੍ਹਾ ਸਵਾਲ ਕੀਤਾ ਕਿ ਅਡਾਨੀ ਦੀਆਂ ਕੰਪਨੀਆਂ 'ਚ 20,000 ਕਰੋੜ ਰੁਪਏ ਬੇਨਾਮੀ ਪੈਸਾ ਕਿਸ ਦਾ ਹੈ? ਰਾਹੁਲ ਨੇ ਇਸ ਤੋਂ ਇਲਾਵਾ ਕਾਂਗਰਸ ਦੇ ਸਾਬਕਾ 5 ਨੇਤਾਵਾਂ ਨੂੰ ਵੀ ਅਡਾਨੀ ਨਾਲ ਜੋੜਿਆ। ਉਨ੍ਹਾ ਟਵਿਟਰ 'ਤੇ ਇੱਕ ਤਸਵੀਰ ਸ਼ੇਅਰ ਕੀਤੀ। ਇਸ 'ਚ ਪੰਜ ਨੇਤਾਵਾਂ ਦੇ ਨਾਵਾਂ ਦਾ ਜ਼ਿਕਰ ਕੀਤਾ। ਇਸ 'ਚ ਅਡਾਨੀ ਦੇ 'ਏ' ਅੱਖਰ ਦੇ ਨਾਲ ਗੁਲਾਮ ਨਬੀ ਆਜ਼ਾਦ, 'ਡੀ' ਅੱਖਰ ਦੇ ਨਾਲ ਸਿੰਧੀਆ, 'ਏ' ਦੇ ਨਾਲ ਕਿਰਣ ਰੈਡੀ, 'ਐਨ' ਦੇ ਨਾਲ ਹਿਮੰਤ ਬਿਸਵ ਸ਼ਰਮਾ

page-6-9-(APRIL)-2023-G-(BV).qxd 4/8/2023 10:09 PM Page 1

ਸੜਕ ਹਾਦਸੇ 'ਚ ਜਾਨ ਗੁਆਉਣ ਵਾਲੇ ਅਧਿਆਪਕਾਂ ਨਮਿਤ ਸ਼ਰਧਾਂਜਲੀ ਸਮਾਗਮ

ਸ਼ਰਧਾਂਜਲੀ ਸਮਾਗਮ ਦੌਰਾਨ ਫੌਤ ਹੋਏ ਅਧਿਆਪਕਾਂ ਦੇ ਪਰਵਾਰਾਂ ਲਈ ਕੀਤੀ ਇਨਸਾਫ ਦੀ ਮੰਗ

ਜਲਾਲਾਬਾਦ (ਜੀਤ ਕੁਮਾਰ, ਸਤਨਾਮ ਸਿੰਘ)-ਪਿਛਲੇ ਦਿਨੀਂ (24 ਮਾਰਚ 2023) ਜਲਾਲਾਬਾਦ ਤੋਂ ਤਰਨਤਾਰਨ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਵਿੱਚ ਤਾਇਨਾਤ ਅਧਿਆਪਕ ਆਪਣੀ ਡਿਊਟੀ 'ਤੇ ਜਾਂਦੇ ਸਮੇਂ ਖਾਈ ਫੇਮੇ ਦੇ ਨੇੜੇ ਅਧਿਆਪਕਾਂ ਨਾਲ ਭਰੀ ਟ੍ਰੈਕਸ ਗੱਡੀ ਦੀ ਰੋਡਵੇਜ਼ ਬੱਸ ਨਾਲ ਟੱਕਰ ਹੋ ਜਾਣ ਕਾਰਨ ਵਾਪਰੇ ਹਾਦਸੇ 'ਚ 3 ਅਧਿਆਪਕਾਂ ਤੇ ਡਰਾਈਵਰ ਦੀ ਮੌਤ ਹੋ ਗਈ ਸੀ, ਜਦੋਂਕਿ 8 ਅਧਿਆਪਕ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਇਸੇ ਤਰ੍ਹਾਂ ਤਿੰਨ ਅਪ੍ਰੈਲ ਨੂੰ ਜਲਾਲਾਬਾਦ ਨੇੜੇ ਫਿਰ ਇੱਕ ਗੱਡੀ ਸਫੈਦੇ ਨਾਲ ਟਕਰਾਉਣ ਨਾਲ 12 ਦੇ ਕਰੀਬ ਅਧਿਆਪਕ ਜ਼ਖਮੀ ਹੋ ਗਏ ਸਨ। ਇਕ ਹਫਤੇ ਦੌਰਾਨ 2 ਭਿਆਨਕ ਹਾਦਸੇ ਵਾਪਰਨ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਆਪਣੀਆਂ ਜਾਨਾਂ ਗਵਾਉਣ ਵਾਲੇ ਅਧਿਆਪਕਾਂ ਤੇ ਜ਼ਖ਼ਮੀ ਹੋਏ ਅਧਿਆਪਕਾਂ ਦੇ ਪਰਿਵਾਰਾਂ ਨੂੰ ਵਿੱਤੀ ਲਾਭ ਦੇਣ ਤੇ ਉਨ੍ਹਾਂ ਦੇ ਵਾਰਸਾਂ ਨੂੰ ਨੌਕਰੀ ਦੇਣ ਸਬੰਧੀ ਕੋਈ ਠੋਸ ਕਦਮ ਨਹੀਂ ਚੁੱਕੇ, ਜਿਸ 'ਤੇ ਅਧਿਆਪਕ ਵਰਗ ਵੱਲੋਂ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਪੀੜਤ ਪਰਿਵਾਰਾਂ ਨੂੰ ਸਰਕਾਰ ਵੱਲੋਂ ਅਣਗੌਲਿਆਂ ਕੀਤੇ ਜਾਣ ਵਿਰੁੱਧ ਗਠਿਤ 'ਅਧਿਆਪਕ ਇਨਸਾਫ ਜੁਆਇੰਟ ਐਕਸ਼ਨ ਕਮੇਟੀ' ਦੇ ਬੈਨਰ ਹੇਠ ਅੱਜ ਫੌਤ ਹੋਏ ਅਧਿਆਪਕਾਂ ਦੀ ਨਮਿੱਤ ਸ਼ਰਧਾਂਜਲੀ ਸਮਾਗਮ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਕੀਤਾ ਗਿਆ ਅਤੇ ਪੀੜਤ ਪਰਿਵਾਰਾਂ ਲਈ ਇਨਸਾਫ ਦੀ ਮੰਗ ਕੀਤੀ। ਸ਼ਰਧਾਂਜਲੀ ਸਮਾਗਮ ਦੌਰਾਨ ਅਧਿਆਪਕ ਜਥੇਬੰਦੀਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ, ਜੀ ਟੀ ਯੂ (ਵਿਗਿਆਨਕ), ਜੀ ਐੱਸ ਟੀ ਯੂ, ਈ ਟੀ ਟੀ ਅਧਿਆਪਕ ਯੂਨੀਅਨ, ਐਲੀਮੈਂਟਰੀ ਟੀਚਰਜ਼ ਯੂਨੀਅਨ, ਮਾਸਟਰ ਕਾਡਰ ਯੂਨੀਅਨ, ਬੀ ਐੱਡ ਫਰੰਟ, ਓ ਡੀ ਐੱਲ ਅਧਿਆਪਕ ਯੂਨੀਅਨ, 4161 ਮਾਸਟਰ ਕਾਡਰ ਅਧਿਆਪਕ ਯੂਨੀਅਨ, ਰਿਟਾਇਰਡ ਅਧਿਆਪਕ ਯੂਨੀਅਨ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਕਿਰਤੀ ਕਿਸਾਨ ਯੂਨੀਅਨ, ਟੈਕਨੀਕਲ ਸਰਵਿਸਜ਼ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ), ਕੁੱਲ ਹਿੰਦ ਕਿਸਾਨ ਮਜ਼ਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਆਂਗਣਵਾੜੀ ਵਰਕਰਜ਼ ਯੂਨੀਅਨ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ।

ਇਸ ਮੌਕੇ ਜਰਮਨਜੀਤ ਸਿੰਘ, ਸੁਰਿੰਦਰ ਕੰਬੋਜ, ਜਿੰਦਰ ਪਾਇਲਟ, ਅਮਨਦੀਪ ਸੋਢੀ, ਕੁਲਦੀਪ ਸਿੰਘ ਸੱਭਰਵਾਲ, ਅਸ਼ੋਕ ਸਰਾਰੀ, ਜਗਨੰਦਨ ਸਿੰਘ, ਧਰਮਿੰਦਰ ਗੁਪਤਾ, ਕ੍ਰਾਂਤੀ ਕੁਮਾਰ, ਮਹਿੰਦਰ ਕੌੜਿਆਂਵਾਲੀ, ਪਵਨ ਮੁਕਤਸਰ, ਰੇਸਮ ਸਿੰਘ, ਸੁਖਵਿੰਦਰ ਸਿੰਘ ਡੀ ਪੀ, ਬਲਜਿੰਦਰ ਗਰੇਵਾਲ ਨੇ ਫੌਤ ਹੋਏ ਅਧਿਆਪਕਾਂ ਦੇ ਪਰਿਵਾਰਾਂ ਲਈ ਇਨਸਾਫ ਦੀ ਮੰਗ ਕਰਦਿਆਂ ਕਿਹਾ ਕਿ ਸਰਕਾਰ, ਸੜਕ ਦੁਰਘਟਨਾ ਵਿੱਚ ਜਾਨਾਂ ਗਵਾਉਣ ਵਾਲੇ ਅਧਿਆਪਕਾਂ ਦੇ ਵਾਰਸਾਂ ਨੂੰ ਨੌਕਰੀ ਪ੍ਰਦਾਨ ਕਰੇ, ਜਿਸ ਪਰਿਵਾਰ 'ਚ ਕੋਈ ਨੌਕਰੀ ਕਰਨ ਵਾਲਾ ਨਹੀਂ ਹੈ, ਉਨ੍ਹਾਂ ਦੇ ਵਾਰਸਾਂ ਨੂੰ ਪੰਜਾਬ ਪੁਲਸ ਮੁਲਾਜ਼ਮਾਂ ਦੀ ਤਰਜ਼ 'ਤੇ ਇੱਕ ਕਰੋੜ ਦੀ ਰਾਸ਼ੀ ਪ੍ਰਦਾਨ ਕਰੇ। ਜ਼ਖਮੀ ਹੋਏ ਅਧਿਆਪਕਾਂ ਨੂੰ ਜ਼ੇਰੇ ਇਲਾਜ ਡਿਊਟੀ ਹਾਜ਼ਰ ਮੰਨਿਆ ਜਾਵੇ। ਜਾਨ ਗਵਾਉਣ ਵਾਲੇ ਡਰਾਈਵਰ ਦੇ ਪਰਿਵਾਰ ਨੂੰ ਸਰਕਾਰ ਵਿੱਤੀ ਸਹਾਇਤਾ ਦੇਵੇ। ਦੁਰਘਟਨਾ ਵਿੱਚ ਜ਼ਖਮੀ ਹੋਏ ਅਧਿਆਪਕਾਂ ਨੂੰ ਪਹਿਲ ਦੇ ਅਧਾਰ 'ਤੇ ਬਦਲੀ ਦਾ ਮੌਕਾ ਦੇਵੇ।

ਇਸ ਮੌਕੇ ਸੁਖਚੈਨ ਸਿੰਘ, ਹਰੀਸ਼ ਨੱਢਾ, ਸੁਰਿੰਦਰ ਢੰਡੀਆਂ, ਰਾਜ ਰਾਣੀ, ਧੀਰਜ ਕੁਮਾਰ, ਹਰੀਸ਼ ਕੰਬੋਜ, ਗੁਰਨਾਮ ਚੰਦ, ਨੱਥਾ ਸਿੰਘ, ਰਛਪਾਲ ਸਿੰਘ, ਐਡਵੋਕੇਟ ਪਰਮਜੀਤ ਢਾਬਾਂ, ਹੰਸ ਰਾਜ ਗੋਲਡਨ, ਦੇਵ ਰਾਜ ਸ਼ਰਮਾ ਨੇ ਦੋਸ਼ ਲਾਇਆ ਕਿ ਫਾਜ਼ਿਲਕਾ ਵਰਗੇ ਜ਼ਿਲ੍ਹਿਆਂ 'ਚੋਂ ਦੂਰ ਦੁਰੇਡੇ ਜ਼ਿਲ੍ਹਿਆਂ ਵਿੱਚ ਪੜ੍ਹਾਉਣ ਜਾਂਦੇ ਅਧਿਆਪਕਾਂ ਦੀ ਪੰਜਾਬ ਸਰਕਾਰ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ। ਪਿਛਲੇ ਸਾਲਾਂ ਵਿੱਚ ਅਜਿਹੀਆਂ ਦੁਰਘਟਨਾਵਾਂ 'ਚ ਅਨੇਕਾਂ ਅਧਿਆਪਕ ਜਾਨਾਂ ਗੁਆ ਚੁੱਕੇ ਹਨ, ਪਰ ਇਸ ਦੇ ਹੱਲ ਲਈ ਸਰਕਾਰ ਵੱਲੋਂ ਕੋਈ ਨਿਸਚਿਤ ਨੀਤੀ ਨਹੀਂ ਬਣਾਈ ਗਈ। ਉਨ੍ਹਾਂ ਪਿੱਤਰੀ ਜ਼ਿਲ੍ਹਾ ਛੱਡ ਕੇ ਬਾਹਰਲੇ ਜ਼ਿਲ੍ਹਿਆਂ ਵਿੱਚ ਕੰਮ ਕਰਨ ਜਾਂਦੇ ਅਧਿਆਪਕਾਂ ਲਈ ਪੱਕੀ ਨੀਤੀ ਬਣਾਉਣ ਦੀ ਮੰਗ ਕਰਦਿਆਂ ਅਧਿਆਪਕਾਂ ਦੀ ਰਿਹਾਇਸ਼ ਦੇ ਪ੍ਰਬੰਧ ਲਈ ਹਰ ਤਹਿਸੀਲ ਵਿੱਚ ਟੀਚਰਜ਼ ਹੋਮ ਬਣਾਉਣ, ਨਵੀਂ ਨਿਯੁਕਤੀ ਜਾਂ ਤਰੱਕੀ ਉਪਰੰਤ ਉਸ ਦੇ ਗ੍ਰਹਿ ਜ਼ਿਲ੍ਹੇ ਜਾਂ ਗੁਆਂਢੀ ਜ਼ਿਲ੍ਹੇ ਵਿੱਚ ਹੀ ਸਟੇਸ਼ਨ ਦੇਣ ਦੀ ਮੰਗ ਕੀਤੀ।

ਨੌਜਵਾਨਾਂ ਦੀ ਗੁੰਡਾਗਰਦੀ ਤੋਂ ਪ੍ਰੇਸ਼ਾਨ ਪਰਵਾਰ ਵੱਲੋਂ ਇਨਸਾਫ ਦੀ ਮੰਗ

ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)-ਜ਼ਿਲਾ ਤਰਨ ਤਾਰਨ ਅਤੇ ਥਾਣਾ ਸਿਟੀ ਤਰਨ ਤਾਰਨ ਦੇ ਅਧੀਨ ਪੈਂਦੇ ਪਿੰਡ ਬਹਿਲਾ ਵਿਖੇ ਪਿੰਡ ਦੇ ਹੀ ਨੌਜਵਾਨਾਂ ਵੱਲੋਂ ਕੀਤੀ ਜਾ ਰਹੀ ਗੁੰਡਾਗਰਦੀ ਤੋਂ ਪਰੇਸ਼ਾਨ ਪਰਿਵਾਰ ਨੇ ਪੁਲਸ ਦੇ ਉੱਚ ਅਧਿਕਾਰੀਆਂ ਪਾਸੋਂ ਇਨਸਾਫ ਦੀ ਮੰਗ ਕੀਤੀ ਹੈ ਜਦਕਿ ਥਾਣਾ ਸਿਟੀ ਤਰਨ ਤਾਰਨ ਦੀ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਸਿਵਲ ਹਸਪਤਾਲ ਤਰਨ ਤਾਰਨ 'ਚ ਜ਼ੇਰੇ ਇਲਾਜ ਜ਼ਖਮੀ ਰਾਜਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਬਹਿਲਾ ਨੇ ਦੋਸ਼ ਲਗਾਉਂਦਿਆਂ ਦੱਸਿਆ ਕਿ ਪਿੰਡ ਦੇ ਕੁਝ ਨੌਜਵਾਨਾਂ ਸੋਨੂੰ, ਰਾਜਾ, ਹੀਰਾ, ਬੇਦੀ ਆਦਿ ਨੇ ਬੀਤੇ ਦਿਨੀ ਹਮਸਲਾਹ ਹੋ ਕੇ ਪਹਿਲਾਂ ਉਸਦੇ ਘਰ ਆ ਕੇ ਹਮਲਾ ਕੀਤਾ। ਫਿਰ ਜਦੋਂ ਉਸਦਾ ਲੜਕਾ ਆਪਣੇ ਸਟੋਰ ਤੇ ਕੰਮ ਕਰ ਰਿਹਾ ਸੀ ਤਾਂ ਉਕਤ ਵਿਅਕਤੀਆਂ ਨੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਤੇ ਜਦੋਂ ਉਹ ਉਨ੍ਹਾਂ ਨੂੰ ਛੁਡਵਾਉਣ ਲਈ ਗਏ ਤਾਂ ਉਕਤ ਵਿਅਕਤੀਆਂ ਨੇ ਬੇਸਬਾਲਾਂ ਦੇ ਨਾਲ ਉਸਦੀ ਵੀ ਕੁੱਟਮਾਰ ਕੀਤੀ ਜੋ ਕਿ ਉਸਦੇ ਗੰਭੀਰ ਸੱਟਾਂ ਵੀ ਲੱਗੀਆਂ। ਇਹ ਕਿ ਉਕਤ ਵਿਅਕਤੀਆਂ ਵੱਲੋਂ ਪਿੰਡ ਵਿੱਚ ਸ਼ਰੇਆਮ ਗੁੰਡਾਗਰਦੀ ਕੀਤੀ ਜਾ ਰਹੀ ਹੈ ਪਰ ਪੁਲਸ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ ਜਿਸ ਕਾਰਨ ਉਕਤ ਵਿਅਕਤੀਆਂ ਦੇ ਹੌਸਲੇ ਬੁਲੰਦ ਹੁੰਦੇ ਜਾ ਰਹੇ ਹਨ। ਉਨ੍ਹਾਂ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਾਸੋਂ ਮੰਗ ਕੀਤੀ ਕਿ ਉਕਤ ਵਿਅਕਤੀਆਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤੇ ਉਨ੍ਹਾਂ ਨੂੰ ਇਨਸਾਫ ਦਵਾਇਆ ਜਾਵੇ। ਇਸ ਸਬੰਧ ਵਿੱਚ ਥਾਣਾ ਸਿਟੀ ਤਰਨ ਤਾਰਨ ਦੇ ਐੱਸਐੱਚਓ ਹਰਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਮਾਮਲੇ ਦੀ ਤਫਤੀਸ਼ ਚੌਕੀ ਦੋਬੁਰਜੀ ਦੇ ਇੰਚਾਰਜ ਮਨਪ੍ਰੀਤ ਸਿੰਘ ਵਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ ਜਦਕਿ ਏਐੱਸਆਈ ਮਨਪ੍ਰੀਤ ਸਿੰਘ ਨੇ ਕਿਹਾ ਕਿ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਤੇ ਤਫਤੀਸ਼ ਤੋਂ ਬਾਅਦ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੀ ਛਤਰ-ਛਾਇਆ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ. ਸੈਕੰ ਪਬਲਿਕ ਸਕੂਲ, ਝਬਾਲ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦਾ ਵਿਦਾਇਗੀ ਸਮਾਰੋਹ ਸਕੂਲ ਦੇ ਪ੍ਰਿੰਸੀਪਲ ਦੀ ਅਗਵਾਈ ਹੇਠ ਮਨਾਇਆ ਗਿਆ ।ਜਿਸ ਵਿੱਚ ਸਕੂਲ ਦੇ ਮੈਂਬਰ ਇੰਚਾਰਜ ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ, ਰਮਣੀਕ ਸਿੰਘ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਸਕੂਲ ਦੇ ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਵਿਦਿਆਰਥੀਆਂ ਨਾਲ ਆਪਣੇ ਮਨ ਦੇ ਭਾਵ ਸਾਂਝੇ ਕੀਤੇ। ਮੈਡਮ ਸਿਮਰਪ੍ਰੀਤ ਕੌਰ ਨੇ ਆਪਣੇ ਕੀਮਤੀ ਵਿਚਾਰ ਬੱਚਿਆਂ ਨਾਲ ਸਾਂਝੇ ਕੀਤੇ। ਇਸ ਮੌਕੇ ਵਿਦਿਆਰਥੀਆਂ ਵੱਲੋਂ ਤਿਆਰ ਕੀਤਾ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਸ਼ਬਦ ਨਾਲ ਕੀਤੀ ਗਈ। ਉਪਰੰਤ ਵਿਦਿਆਰਥੀਆਂ ਵੱਲੋਂ ਗੀਤ, ਸਕਿੱਟ, ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ। ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਆਪਣੇ ਖੱਟੇ-ਮਿੱਠੇ ਤਜਰਬੇ ਸਾਂਝੇ ਕੀਤੇ। ਰਾਜਨਪ੍ਰੀਤ ਸਿੰਘ ਮਿਸਟਰ ਹਰਿਕ੍ਰਿਸ਼ਨ, ਅਵਲੀਨ ਕੌਰ ਮਿਸ ਹਰਿਕ੍ਰਿਸ਼ਨ ਚੁਣੇ ਗਏ ਅਤੇ 6 ਹੋਰ ਵਿਦਿਆਰਥੀਆਂ ਨੂੰ ਵੱਖਰੇ-ਵੱਖਰੇ ਖਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਮੈਂਬਰ ਇੰਚਾਰਜ ਨੇ ਵਿਦਿਆਰਥੀਆਂ ਨੂੰ ਤਰੱਕੀ ਦੀਆਂ ਬੁਲੰਦੀਆਂ ਛੂਹਣ ਦਾ ਅਸ਼ੀਰਵਾਦ ਦਿੰਦਿਆਂ ਜ਼ਿੰਦਗੀ ਵਿੱਚ ਮਿਹਨਤ ਦਾ ਪੱਲਾ ਕਦੇ ਨਾ ਛੱਡਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦਾ ਸਾਰਾ ਸਟਾਫ਼ ਹਾਜ਼ਰ ਸੀ। ਸਟੇਜ ਸੈਕਟਰੀ ਦੀ ਭੂਮਿਕਾ ਮੈਡਮ ਗੁਰਵਿੰਦਰ ਕੌਰ ਤੇ ਵੀਰਪਾਲ ਕੌਰ ਨੇ ਬਾਖੂਬੀ ਨਿਭਾਈ।

ਫਿਲਮੀ ਅਦਾਕਾਰ ਸਵਿੰਦਰ ਮਾਹਲ ਨਾਲ ਦੁੱਖ ਦਾ ਇਜ਼ਹਾਰ

ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਤੇ ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਗੁਰਜਿੰਦਰ ਸਿੰਘ ਬਘਿਆੜੀ ਦੀ ਅਗਵਾਈ ਹੇਠ ਇਕ ਸੋਗ ਮੀਟਿੰਗ ਹੋਈ ਜਿਸ ਵਿੱਚ ਫਿਲਮ ਅਦਾਕਾਰ ਸਵਿੰਦਰ ਸਿੰਘ ਮਾਹਲ ਦੀ ਧਰਮ ਪਤਨੀ ਪ੍ਰਕਾਸ਼ ਕੌਰ ਦੀ ਹੋਈ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਫਿਲਮ ਅਦਾਕਾਰ ਸਵਿੰਦਰ ਮਾਹਲ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਫੋਕਲੋਰ ਰਿਸਰਚ ਅਕਾਦਮੀ ਦੇ ਮੀਤ ਪ੍ਰਧਾਨ ਗੁਰਜਿੰਦਰ ਸਿੰਘ ਬਘਿਆੜੀ, ਸੀਨੀਅਰ ਪੱਤਰਕਾਰ ਪਰਮਿੰਦਰ ਸਿੰਘ ਜੋਸਨ, ਪੱਤਰਕਾਰ ਕਿਰਪਾਲ ਸਿੰਘ ਸੋਹਲ, ਪੱਤਰਕਾਰ ਹਰਜਿੰਦਰ ਸਿੰਘ ਲਾਲਾ ਝਬਾਲ, ਗੁਰਦੁਆਰਾ ਬਾਬਾ ਜੀਵਨ ਸਿੰਘ ਦੇ ਪ੍ਰਧਾਨ ਵਰਿਆਮ ਸਿੰਘ ਝਬਾਲ, ਕੇਂਦਰੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ, ਲੇਖਕ ਜਸਬੀਰ ਸਿੰਘ ਝਬਾਲ, ਪ੍ਰਿੰਸੀਪਲ ਰਘਬੀਰ ਸਿੰਘ ਸੋਹਲ ਸਰਪ੍ਰਸਤ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਕੇਂਦਰੀ ਲੇਖਕ ਸਭਾ ਦੇ ਸਕੱਤਰ ਤੇ ਪ੍ਰਧਾਨ ਪੰਜਾਬੀ ਸਾਹਿਤ ਸਭਾ ਚੋਗਾਵਾਂ, ਧਰਵਿੰਦਰ ਸਿੰਘ ਔਲਖ, ਸੁਕਰਗੁਜ਼ਾਰ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ, ਗਿਆਨੀ ਗੁਲਜਾਰ ਸਿੰਘ ਖੈੜਾ, ਪ੍ਰਧਾਨ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ, ਸਤਵਿੰਦਰ ਸਿੰਘ ਉੱਠੀ, ਦਵਿੰਦਰ ਸਿੰਘ ਭੋਲਾ ਸਰਪ੍ਰਸਤ, ਸਵਿੰਦਰ ਸਿੰਘ ਲਾਹੌਰੀਆ, ਮਾ. ਮਨਜੀਤ ਸਿੰਘ ਵੱਸੀ, ਮੱਖਣ ਸਿੰਘ ਭੈਣੀ ਵਾਲਾ, ਮਾ. ਅਵਤਾਰ ਸਿੰਘ ਗੋਇੰਦਵਾਲ ਸਾਹਿਬ, ਸੁਖਰਾਜ ਸਿਕੰਦਰ, ਗੁਰਬਾਜ ਛੀਨਾ, ਜਸਵਿੰਦਰ ਸਿੰਘ ਢਿੱਲੋਂ, ਡਾ. ਪ੍ਰਮਜੀਤ ਸਿੰਘ ਬਾਠ, ਗੁਰਦੀਪ ਸਿੰਘ ਨਾਗੀ, ਜਗਦੀਸ ਸਿੰਘ ਬਮਰਾਹ, ਬਲਵਿੰਦਰ ਸਿੰਘ ਅਠੌਲਾ, ਸੁਖਵੰਤ ਸਿੰਘ ਚੇਤਨਪੁਰੀ, ਗੁਰਮੇਜ ਸਹੋਤਾ, ਗੀਤਕਾਰ ਸੁਲੱਖਣ ਸਿੰਘ ਦੇਲਾਵਾਲ, ਸਤਰਾਜ ਜਲਾਲਾਬਾਦੀ, ਸਕੱਤਰ ਸਿੰਘ ਪੁਰੇਵਾਲ, ਦਿਲਰਾਜ ਸਿੰਘ ਦਰਦੀ, ਰਣਜੀਤ ਸਿੰਘ ਕੋਟ ਮਹਿਤਾਬ, ਮਹਿਲਾ ਵਿੰਗ ਦੇ ਪ੍ਰਧਾਨ ਮੈਡਮ ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਅਦਾਕਾਰਾ ਸੁਰਿੰਦਰ ਖਿਲਚੀਆਂ, ਗੁਰਮੀਤ ਕੌਰ ਬੱਲ, ਮੈਡਮ ਹਰਮੇਸ਼ ਕੌਰ ਯੋਧੇ, ਸਿਮਰਨ ਭਿੰਡਰ, ਗੁਰਪ੍ਰੀਤ ਸਿੰਘ ਕੱਦਗਿੱਲ, ਸੁਰਮੁਖ ਸਿੰਘ ਗਿੱਲ, ਗੁਰਪ੍ਰਤਾਪ ਸਿੰਘ ਸੰਧੂ, ਪ੍ਰਮਜੀਤ ਸਿੰਘ ਰੱਖੜਾ, ਸ਼ਰਨਜੀਤ ਸਿੰਘ ਕੰਗ, ਜਸਪਾਲ ਸਿੰਘ ਧੂਲਕਾ, ਅਮਰਜੀਤ ਸਿੰਘ ਘੁੱਕ, ਅਜੀਤ ਸਿੰਘ ਸਠਿਆਲਾ, ਬਲਦੇਵ ਸਿੰਘ ਸਠਿਆਲਾ, ਡਾ. ਅਰਜਿੰਦਰ ਸਿੰਘ ਬੁਤਾਲਵੀ, ਗੀਤਕਾਰ ਤੇਜਵੰਤ ਬੱਲ ਬੁਤਾਲਾ, ਅਜਮੇਰ ਸਿੰਘ ਬੱਲ, ਕਵੀ ਅਜੈਬ ਸਿੰਘ ਬੋਦੇਵਾਲ, ਗੀਤਕਾਰ ਤੇ ਗਾਇਕ ਕੁਲਵਿੰਦਰ ਸਿੰਘ ਦੇਲਾਵਾਲ ਅਮਨਪ੍ਰੀਤ ਸਿੰਘ ਅਠੌਲਾ, ਸਨਪ੍ਰੀਤ ਸਿੰਘ ਅਠੌਲਾ, ਸਮੇਤ ਹੋਰ ਸਖਸੀਅਤਾਂ ਵੱਲੋਂ ਫਿਲਮ ਅਦਾਕਾਰ ਸਵਿੰਦਰ ਮਾਹਲ ਨਾਲ ਉਨ੍ਹਾਂ ਦੀ ਧਰਮ ਪਤਨੀ ਬੀਬੀ ਪ੍ਰਕਾਸ਼ ਕੌਰ ਦੀ ਹੋਈ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਗੁੱਡ ਫਰਾਈਡੇ ਮੌਕੇ ਮਸੀਹੀ ਭਾਈਚਾਰੇ ਨੇ ਕੱਢੀ ਸ਼ਾਂਤੀ ਯਾਤਰਾ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਸਥਾਨਿਕ ਸ਼ਹਿਰ

9-April-Page-7.qxd 4/8/2023 9:57 PM Page 1

ਪਾਵਰ ਪਲਾਂਟ ਦੀ ਸੁਆਹ ਦੇ ਵਿਰੋਧ 'ਚ ਫੂਕੇ ਅਧਿਕਾਰੀਆਂ ਦੇ ਪੁਤਲੇ

ਨਵਾਂਸ਼ਹਿਰ, ਬਹਿਰਾਮ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ)-ਨਵਾਂਸ਼ਹਿਰ ਵਾਸੀਆਂ ਵੱਲੋਂ ਪਿਛਲੇ ਚਾਰ ਮਹੀਨਿਆਂ ਤੋਂ ਕੋਜੈਨਰੇਸ਼ਨ ਪਾਵਰ ਪਲਾਂਟ ਦੀ ਖਤਰਨਾਕ ਸੁਆਹ ਬੰਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਦੇ ਅਗਲੇ ਪੜਾਅ ਵਜੋਂ ਜਿੰਮੇਵਾਰ ਅਧਿਕਾਰੀਆਂ ਦੇ ਪੁਤਲੇ ਫੂਕਣ ਦੇ ਮਿੱਥੇ ਪ੍ਰੋਗਰਾਮ ਤਹਿਤ ਮਿਉਂਸਪਲ ਕੈਨਾਲ ਪਾਰਕ ਨਵਾਂਸ਼ਹਿਰ ਵਿਖੇ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ, ਪਾਵਰ ਪਲਾਂਟ ਦੇ ਪ੍ਰਧਾਨ ਐਸ.ਬੰਦੋਪਾਧਿਆਏ ਅਤੇ ਖੰਡ ਮਿੱਲ ਦੇ ਜੀ.ਐਮ ਦੇ ਪੁਤਲੇ ਫੂਕੇ ਗਏ। ਇਸ ਮੌਕੇ ਲੋਕ ਸੰਘਰਸ਼ ਮੰਚ ਨਵਾਂਸ਼ਹਿਰ ਦੇ ਕਨਵੀਨਰ ਜਸਬੀਰ ਦੀਪ, ਜਰਨੈਲ ਸਿੰਘ ਖਾਲਸਾ, ਸਤੀਸ਼ ਕੁਮਾਰ,ਬਲਵੀਰ ਕੁਮਾਰ, ਸਤਨਾਮ ਸਿੰਘ ਗੁਲਾਟੀ, ਸੁਤੰਤਰ ਕੁਮਾਰ, ਮੁਕੰਦ ਲਾਲ, ਹਰਭਜਨ ਸਿੰਘ ਵਿਕਾਸ ਨਗਰ,ਸ਼ੁਭਾਸ਼ ਚੰਦਰ ਅਰੋੜਾ ਨੇ ਕਿਹਾ ਕਿ ਇਕ ਪਾਸੇ ਇਸ ਸੁਆਹ ਕਾਰਨ ਸ਼ਹਿਰ ਵਾਸੀ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਦੂਜੇ ਪਾਸੇ ਜਿਲਾ ਪ੍ਰਸ਼ਾਸਨ, ਖੰਡ ਮਿੱਲ ਪ੍ਰਬੰਧਕ, ਪਾਵਰ ਪਲਾਂਟ ਪ੍ਰਬੰਧਕ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਆਪਣੀ ਬਣਦੀ ਜਿੰਮੇਵਾਰੀ ਨਹੀਂ ਨਿਭਾਅ ਰਹੇ। ਉਹਨਾਂ ਕਿਹਾ ਕਿ ਜਦੋਂ ਤੱਕ ਇਸ ਸਮੱਸਿਆ ਦਾ ਹੱਲ ਨਹੀਂ ਹੋ ਜਾਂਦਾ ਸੰਘਰਸ਼ ਜਾਰੀ ਰਹੇਗਾ।

ਦੋਆਬਾ ਕਿਸਾਨ ਯੂਨੀਅਨ ਨੇ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ

ਮਹਿਤਪੁਰ (ਰਾਜਾ) ਸਰਕਾਰ ਵੱਲੋਂ ਇਸ ਇਲਾਕੇ ਵਿਚ ਲਗਾਤਾਰ ਬੇਮੌਸਮੀ ਬਾਰਸ਼ ਕਾਰਨ ਕਿਸਾਨਾਂ ਦਾ ਬਹੁਤ ਨੁਕਸਾਨ ਹੋਇਆ ਹੈ। ਕਣਕ ਦੀ ਫਸਲ ਮੀਂਹ ਦੇ ਪਾਣੀ ਕਾਰਨ ਗਲ ਰਹੀ ਹੈ। ਸਿੱਟਿਆਂ ਵਿਚ ਦਾਣੇ ਉੱਗ ਰਹੇ ਹਨ। ਪਰ ਸਰਕਾਰ ਵੱਲੋਂ ਕੋਈ ਗਿਰਦਾਵਰੀ ਜਾਂ ਸਰਵੇਖਣ ਨਹੀਂ ਕਰਵਾਇਆ ਗਿਆ। ਜਿਸ ਦੇ ਸਬੰਧ ਵਿਚ ਦੋਆਬਾ ਕਿਸਾਨ ਯੂਨੀਅਨ ਮਹਿਤਪੁਰ ਵੱਲੋਂ ਤਹਿਸੀਲਦਾਰ ਮਹਿਤਪੁਰ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਕੀਤੀ ਗਈ ਹੈ ਕਿ ਫਸਲਾਂ ਦੀ ਗਿਰਦਾਵਰੀ ਕਰਵਾ ਕੇ ਪੰਜਾਹ ਹਜਾਰ ਪ੍ਰਤੀ ਏਕੜ ਮੁਆਵਜਾ ਦਿੱਤਾ ਜਾਵੇ। ਇਸ ਮੌਕੇ ਕਸ਼ਮੀਰ ਸਿੰਘ ਪੰਨੂ ਪ੍ਰਧਾਨ, ਮਹਿੰਦਰਪਾਲ ਸਿੰਘ ਟੁਰਨਾ, ਜਸਵੰਤ ਸਿੰਘ, ਸੁਖਵਿੰਦਰ ਸਿੰਘ ਝੁੱਗੀਆਂ, ਨਰਿੰਦਰ ਸਿੰਘ, ਅਰਵਿੰਦਰ ਸਿੰਘ ਚੀਮਾ,ਜਗੀਰ ਸਿੰਘ, ਹਰਜਿੰਦਰ ਸਿੰਘ, ਨਵਦੀਪ ਸਿੰਘ, ਅਵਤਾਰ ਸਿੰਘ ਰਾਮੂਵਾਲ, ਹਰਜਿੰਦਰ ਸਿੰਘ ਖਹਿਰਾ ਮੁਸਤਰਕਾ ਆਦਿ ਹਾਜਰ ਸਨ।

ਨਸ਼ੀਲੇ ਪਦਾਰਥਾਂ ਦੇ 2 ਤਸਕਰ ਕਾਬੂ

ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)— ਡੀ ਐਸ ਪੀ ਬਬਨਦੀਪ ਸਿੰਘ ਦੀ ਅਗਵਾਈ ਹੇਠ ਸੁਲਤਾਨਪੁਰ ਲੋਧੀ ਪੁਲਸ ਵੱਲੋਂ ਗਲਤ ਅਨਸਰਾਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ 2 ਮੁਲਜਮਾਂ ਨੂੰ ਵੱਖ ਵੱਖ ਥਾਵਾਂ ਤੋਂ ਹੈਰੋਇਨ , ਨਸ਼ੀਲਾ ਪਦਾਰਥ ਤੇ ਨਸ਼ੇ ਵਾਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ । ਡੀ ਐੱਸ ਪੀ ਅਤੇ ਥਾਣਾ ਸੁਲਤਾਨਪੁਰ ਲੋਧੀ ਦੇ ਐਸ.ਐਚ.ਓ.ਜਸਪਾਲ ਸਿੰਘ ਨੇ ਸਾਂਝੇ ਬਿਆਨ ਵਿੱਚ ਦੱਸਿਆ ਕਿ ਏ.ਐਸ.ਆਈ ਦਵਿੰਦਰਪਾਲ ਚੌਕੀ ਇੰਚਾਰਜ ਮੋਠਾਂਵਾਲ ਵੱਲੋਂ ਨਸ਼ਾ ਤਸਕਰੀ ਦੇ ਕੇਸ 'ਚ ਥਾਣਾ ਸੁਲਤਾਨਪੁਰ ਲੋਧੀ ਨੂੰ ਲੋੜੀਂਦੇ ਮੁਲਜਮ ਮੰਗਲ ਸਿੰਘ ਨੰਬਰਦਾਰ ਪੁੱਤਰ ਬਲਾਕਾ ਸਿੰਘ ਵਾਸੀ ਲਾਟੀਆਂਵਾਲ ਥਾਣਾ ਸੁਲਤਾਨਪੁਰ ਲੋਧੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ , ਜਿਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਿਲ ਕੀਤਾ ਗਿਆ ਤੇ ਮੁਲਜਮ ਪਾਸੋਂ ਲੁਕਾ ਛੁਪਾ ਕੇ ਰੱਖਿਆ 40 ਗ੍ਰਾਮ ਨਸ਼ੀਲਾ ਪਦਾਰਥ ਅਤੇ 700 ਨਸ਼ੇ ਗੋਲੀਆ ਵੀ ਬ੍ਰਾਮਦ ਕੀਤੀਆਂ ਗਈਆਂ। ਨਸ਼ੇ ਦੇ ਦੂਜੇ ਮਾਮਲੇ 'ਚ ਐਨ.ਡੀ.ਪੀ.ਐਸ ਐਕਟ ਤੇ ਭ.ਦ 21 ਮੋਟਰ ਵਹੀਕਲ ਐਕਟ ਤਹਿਤ ਦਰਜ ਕੇਸ 'ਚ ਮੁਲਜਮ ਰਣਜੋਧ ਸਿੰਘ ਉਰਫ ਫੱਤੂ ਪੁੱਤਰ ਬਲਵੰਤ ਸਿੰਘ ਵਾਸੀ ਤੋਤੀ ਥਾਣਾ ਸੁਲਤਾਨਪੁਰ ਲੋਧੀ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਿਲ ਕੀਤਾ ਗਿਆ ਤੇ ਉਕਤ ਪਾਸੋਂ 20 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ।

ਜਗਤਪੁਰ ਵਿਖੇ ਮੁਫਤ ਮੈਡੀਕਲ ਤੇ ਅੱਖਾਂ ਦੀ ਜਾਂਚ ਦਾ ਕੈਂਪ 11 ਨੂੰ

ਬਹਿਰਾਮ (ਅਵਤਾਰ ਕਲੇਰ) ਸੰਤ ਅਰਜਨ ਦਾਸ ਮਹਾਰਾਜ ਦੀ 52ਵੀਂ ਬਰਸੀ ਨੂੰ ਸਮਰਪਿਤ ਅਤੇ ਸੰਤ ਪਰਗਣ ਦਾਸ ਮਹਾਰਾਜ ਦੀ ਨਿੱਘੀ ਯਾਦ ਵਿੱਚ ਮੁਫਤ ਜਨਰਲ ਮੈਡੀਕਲ ਅਤੇ ਅੱਖਾਂ ਦੀ ਜਾਂਚ ਦਾ ਕੈਂਪ ਦਰਬਾਰ ਸਤਿਗੁਰੂ ਬੰਦੀ ਛੋੜ ਈਸ਼ਰ ਦਾਸ ਮਹਾਰਾਜ ਜਗਤਪੁਰ ਵਿਖੇ 11 ਅਪ੍ਰੈਲ ਨੂੰ ਲਗਾਇਆ ਜਾ ਰਿਹਾ ਹੈ । ਇੰਜੀ : ਨਰਿੰਦਰ ਬੰਗਾ ਜਲੰਧਰ ਦੂਰਦਰਸ਼ਨ ਅਤੇ ਬਾਬਾ ਮੱਖਣ ਦਾਸ ਨੇ ਦੱਸਿਆ ਕਿ ਸੰਤ ਅਮਰੀਕ ਦਾਸ ਮਹਾਰਾਜ ਦੀ ਰਹਿਨੁਮਾਈ ਅਤੇ ਪੰਚਾਇਤੀ ਰਾਜ ਸਪੋਰਟਸ ਕਲੱਬ ਖਾਨਪੁਰ ਦੇ ਸਹਿਯੋਗ ਨਾਲ ਲਗਾਏ ਜਾ ਰਹੇ ਇਸ ਮੈਡੀਕਲ ਕੈਂਪ 'ਚ ਕਰਨ ਹਸਪਤਾਲ ਬੰਗਾ ਦੇ ਮਾਹਿਰ ਡਾ. ਬਖਸ਼ੀਸ਼ ਸਿੰਘ ਅਤੇ ਡਾ. ਚਰਨਜੀਤ ਸਿੰਘ ਆਈ ਸਰਜਨ ਜਲੰਧਰ ਦੀ ਟੀਮ ਮਰੀਜਾਂ ਦੀ ਜਾਂਚ ਕਰਨਗੇ । ਸ਼ੂਗਰ , ਬਲੱਡ ਪ੍ਰਸ਼ਸਰ ਅਤੇ ਆਕਸੀਜਨ ਲੈਵਲ ਦੇ ਟੈਸਟ ਮੁਫਤ ਕੀਤੇ ਜਾਣਗੇ ।

ਸ੍ਰੀ ਹਨੂੰਮਾਨ ਜਨਮ ਉਤਸਵ ਬੜੀ ਧੂਮਧਾਮ ਨਾਲ ਮਨਾਇਆ

ਕਰਤਾਰਪੁਰ (ਹਰਮੇਸ਼ ਦੱਤ)-ਪ੍ਰਾਚੀਨ ਸ਼੍ਰੀ ਹਨੂੰਮਾਨ ਮੰਦਿਰ ਮੱਟ ਵਾਲੀ ਗਲੀ ਕਰਤਾਰਪੁਰ ਵਿਖੇ ਸ਼੍ਰੀ ਹਨੂੰਮਾਨ ਜਨਮ ਉਤਸਵ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ। ਸਵੇਰੇ 8 ਵਜੇ ਚੋਲਾ ਰਸਮ,10 ਵਜੇ ਝੰਡੇ ਦੀ ਰਸਮ, 11 ਵਜੇ ਹਵਨ ਯੱਗ ਪੰਡਿਤ ਦਿਨੇਸ਼ ਸ਼ਰਮਾ ਵਲੋਂ ਕੀਤਾ ਗਿਆ, ਜਿਸ ਦੇ ਮੁੱਖ ਯਜਮਾਨ ਰੋਹਿਤ ਗੌੜ ਅਤੇ ਉਹਨਾਂ ਦੀ ਪਤਨੀ ਸੰਗੀਤਾ ਗੌੜ ਸੀ। ਉਪਰੰਤ 1 ਵਜੇ ਭੰਡਾਰਾ ਲਗਾਇਆ ਗਿਆ । ਰਾਤ 7 ਵਜੇ ਜੋਤੀ ਪ੍ਰਚੰਡ ਕੀਤੀ ਗਈ। ਚੌਕੀ ਰਾਤ 8 ਵਜੇ ਤੋਂ ਸ਼ੁਰੂ ਕੀਤੀ ਗਈ ਜਿਸ ਵਿੱਚ ਮਹੰਤ ਸੋਨੂੰ ਐਂਡ ਪਾਰਟੀ ਨੇ ਵੀਰ ਬਜਰੰਗਬਲੀ ਹਨੂੰਮਾਨ ਜੀ ਅਤੇ ਮਾਤਾ ਰਾਣੀ ਦਾ ਗੁਣਗਾਨ ਦੇਰ ਰਾਤ ਤੱਕ ਕੀਤਾ। ਇਸ ਮੌਕੇ ਰੋਹਿਤ ਗੌੜ, ਸੰਗੀਤਾ ਗੌੜ, ਮਨੀ ਗੌੜ,ਪੰਡਿਤ ਦਿਨੇਸ਼ ਸ਼ਰਮਾ, ਦਿਵਾਸ਼ੂ ਧੀਮਾਨ, ਬਬਲੂ ਧੀਮਾਨ, ਰਾਕੇਸ਼ ਦੱਤਾ, ਜਤਿਨ ਦੱਤਾ, ਸਤਨਾਮ ਲਹਿਰ, ਸੁਨੀਲ ਕੁਮਾਰ, ਰਾਕੇਸ਼ ਮੋਨੂ,ਹੈਪੀ ਕੁਮਾਰ, ਜਸਵੰਤ ਵਰਮਾ, ਗੋਲਡੀ, ਅਨੀਲ ਸਕਸੈਨਾ, ਕਰਣ ਠਾਕੁਰ, ਮੇਹਰ ਚੰਦ ਸ਼ਰਮਾ, ਅਨੀਲ ਸ਼ਰਮਾ, ਅਮਿਤ ਕੁਮਾਰ, ਸਮਿਤਾ ਸ਼ਰਮਾ, ਮੀਨੂੰ ਸ਼ਰਮਾ, ਪੁਸ਼ਪਾ ਵਰਮਾ, ਯਸ਼ੀਕਾ,ਮਾਨਿਆ ਸ਼ਰਮਾ, ਅਮਿਤ ਸ਼ੈਲੀ, ਦਕਸ਼ ਸ਼ਰਮਾ, ਨੀਤੂ ਸ਼ਰਮਾ, ਯਸ਼ਸਵਨੀ,ਰਾਣੀ, ਆਦਿ ਬਹੁਤ ਸਾਰੇ ਸ਼ਰਧਾਲੂ ਭਗਤ ਹਾਜਰ ਸਨ।

ਸੜਕਾਂ ਦੀ ਖਸਤਾ ਹਾਲਤ ਤੋਂ ਲੋਕ ਦੁਖੀ : ਧੀਮਾਨ

ਮਾਹਿਲਪੁਰ (ਸਫਰੀ) ਮਾਹਿਲਪੁਰ- ਫਗਵਾੜਾ ਰੋਡ ਤੋਂ ਖੜੋਦੀ,ਈਸਪੁਰ,ਪੰਡੋਰੀ ਗੰਗਾ ਸਿੰਘ ਸੜਕ ਦੀ ਅਤਿ ਖਸਤਾ ਹਾਲਤ ਨੂੰ ਲੈ ਕੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਕਿ ਟੁੱਟੀਆਂ ਸੜਕਾਂ ਦੀ ਹਾਲਤ ਐਨੀ ਖਸਤਾ ਹੋ ਗਈ ਹੈ ਕਿ ਲੋਕਾਂ ਨੂੰ ਹਸਪਤਾਲਾਂ ਵਿਚ ਪਹੁੰਚਾਉਣ ਦਾ ਕੰਮ ਕਰਨ ਲੱਗ ਪਈ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਵਹੀਕਲ ਵਰਕਸ਼ਾਪਾਂ ਤੇ ਲੋਕ ਹਸਪਤਾਲਾਂ ਜਾਂ ਫਿਰ ਐਕਸੀਡੈਂਟਾਂ ਕਾਰਨ ਸ਼ਮਸ਼ਾਨ ਘਾਟ ਪਹੁੰਚਣੇ ਸ਼ੁਰੂ ਹੋ ਗਏ ਹਨ। ਲੋਕ ਜਦੋਂ ਵਹੀਕਲ ਖ਼ਰੀਦਦੇ ਹਨ ਤਾਂ ਸਰਕਾਰ ਨੂੰ ਸਿੱਧੀ 28 ਪ੍ਰਤੀਸ਼ਤ ਤੋਂ ਵੀ ਵੱਧ ਟੈਕਸ ਜੀਐਸਟੀ ਦੇ ਰੂਪ ਵਿਚ ਤੇ ਵਹੀਕਲ ਦੀ ਇੰਸ਼ੋਰੈਂਸ ਉਤੇ 18 ਪ੍ਰਤੀਸ਼ਤ ਜੀਐਸਟੀ ਦਿੰਦੇ ਹਨ।

ਇਥੇ ਹੀ ਬੱਸ ਨਹੀਂ ਜਿਹੜਾ ਪ੍ਰੈਟਰੋਲ ਡੀਜਲ ਉਤੇ ਸਰਕਾਰ ਟੈਕਸ ਅਤੇ ਰੋਡ ਇਨਫਰਾਸਟਰਕਚਰ ਲੈਂਦੀ ਹੈ ਉਹ ਅਲੱਗ ਹੈ। ਭਾਰੀ ਟੈਕਸ ਦੇਣ ਦੇ ਬਾਵਜੂਦ ਸੜਕਾਂ ਫਿਰ ਧੂੜ ਮਿੱਟੀ ਦੇ ਘੱਟੇ ਵਾਲੀਆਂ ਤੇ ਚਿੱਕੜ ਵਾਲੀਆਂ ਹੀ ਨਸੀਬ ਹੁੰਦੀਆ ਹਨ। ਅਜਿਹੀਆਂ ਸੜਕਾਂ ਪੰਜਾਬ ਦੇ ਲੋਕਾਂ ਦੀ ਅਤੇ ਵਹੀਕਲਾਂ ਦੀ ਤੰਦਰੁਸਤੀ ਨੂੰ ਤਬਾਹ ਕਰਨ ਤੋਂ ਸਿਵਾ ਕੁਝ ਵੀ ਨਹੀਂ ਦੇ ਰਹੀਆਂ। 50,50 ਫੁੱਟ ਲੰਬੇ, 10, 10 ਫੁੱਟ ਚੌੜੇ ਅਤੇ 2,3 ਫੁੱਟ ਡੂੰਘੇ ਖੱਡਿਆਂ ਵਾਲੀਆਂ ਸਭ ਤੋਂ ਵੱਧ ਲੋਕਾਂ ਨੂੰ ਯੋਗਾ ਕਰਵਾ ਰਹੀਆਂ ਹਨ। ਇਨ੍ਹਾਂ ਉਤੇ ਖਿਲਰੀ ਬਜਰੀ ਤੇ ਮਿੱਟੀ ਧੂੜ ਬਣ ਕੇ ਕੈਂਸਰ, ਦਮਾ,ਚਮੜੀ ਰੋਗਾਂ ਦੇ ਮਰੀਜ ਬਣਾ ਰਹੀਆਂ ਹਨ ਤੇ ਮੀਂਹ ਪੈਣ ਤੇ ਚਿੱਕੜ ਭਰੀਆਂ ਬਣ ਰਹੀਆਂ ਹਨ। ਪੰਜਾਬ ਸਰਕਾਰ ਝੂੱਠੇ ਟੈਕਸ ਕੁਲੈਕਸ਼ਨ ਦੇ ਦਮਗਜੇ ਮਾਰ ਰਹੀ ਹੈ।

ਅਸਲ ਵਿਚ ਪੰਜਾਬ ਅੰਦਰ ਕੋਈ ਕੰਮ ਵੀ ਨਹੀਂ ਹੋ ਰਿਹਾ। ਸੜਕਾਂ ਨੂੰ ਖਸਤਾ ਹਾਲਤ ਵਿਚ ਜਾਣਬੁੱਝ ਕੇ ਰੱਖਣਾ ਸ਼ਹੀਦ ਭਗਤ ਸਿੰਘ ਤੇ ਡਾਕਟਰ ਅੰਬੇਡਕਰ ਦੇ ਸੁਪਨਿਆਂ ਤੇ ਅਸੂਲਾਂ ਦੇ ਵਿਰੁੱਧ ਹੈ।

ਦਿਆਲਪੁਰ 'ਚ ਭਾਜਪਾ ਸਥਾਪਨਾ ਦਿਵਸ ਮਨਾਇਆ

ਕਰਤਾਰਪੁਰ (ਹਰਮੇਸ਼ ਦੱਤ) - ਭਾਜਪਾ ਦੇ ਸਥਾਪਨਾ ਦਿਵਸ ਦਾ ਪ੍ਰੋਗਰਾਮ ਕਰਤਾਰਪੁਰ ਦੇ ਲਾਗਲੇ ਪਿੰਡ ਦਿਆਲਪੁਰ ਵਿੱਚ ਜ਼ਿਲ੍ਹਾ ਪ੍ਰਧਾਨ ਰਣਜੀਤ ਪਵਾਰ ਦੀ ਦੇਖਰੇਖ ਵਿੱਚ ਕਰਵਾਇਆ ਗਿਆ, ਜਿਸ ਵਿਚ ਭਾਜਪਾ ਪੰਜਾਬ ਪ੍ਰਧਾਨ ਅਤੇ ਪਠਾਨਕੋਟ ਤੋਂ ਐਮਐਲਏ ਅਸ਼ਵਨੀ ਸ਼ਰਮਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸਭ ਤੋਂ ਪਹਿਲਾ ਪਾਰਟੀ ਦਾ ਝੰਡਾ ਲਹਿਰਾਇਆ ਗਿਆ। ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਲੋਕ ਸਭਾ ਦੀ ਜਿਮਨੀ ਚੋਣ 2024 ਦਾ ਸੈਮੀਫ਼ਾਈਨਲ ਹੈ। ਭਾਜਪਾ ਇਕਲੌਤੀ ਪੰਜਾਬ ਦੀ ਤਿਤੈਸ਼ੀ ਪਾਰਟੀ ਹੈ ਜੋ ਪੰਜਾਬ ਨੂੰ ਨੰਬਰ ਇਕ ਦੇ ਸੂਬੇ ਵਜੋਂ ਦੇਖਣਾ ਚਾਉਂਦੀ ਹੈ । ਇਸ ਮੌਕੇ 'ਤੇ ਸਰਕਲ ਪ੍ਰਧਾਨ ਕਰਤਾਰਪੁਰ ਪਵਨ ਠਾਕੁਰ ਅਤੇ ਸਰਕਲ ਪ੍ਰਧਾਨ ਲਲਿਤ ਸੰਦਲ, ਐਡਵੋਕੇਟ ਕ੍ਰਿਸ਼ਨ ਕੁਮਾਰ ਜ਼ਿਲ੍ਹਾ ਜਨਰਲ ਸਕੱਤਰ, ਸ਼ੈੱਲੀ ਮਹਾਜਨ ਜ਼ਿਲ੍ਹਾ ਸਕੱਤਰ, ਮਾਨਾ ਸੇਠ, ਰਿੱਕੀ ਸੇਠ, ਹੀਰਾਕ ਜੋਸ਼ੀ, ਸੋਮ ਲਾਲ ਪਾਲ ਜ਼ਿਲ੍ਹਾ ਉਪ ਪ੍ਰਧਾਨ ਐਸ ਸੀ ਮੋਰਚਾ, ਅਮਨਦੀਪ ਸ਼ਰਮਾ, ਅਜੀਤਪਾਲ ਸਿੰਘ ਨੰਦਰਾ, ਭੀਮ ਸ਼ਰਮਾ, ਰਾਜ ਕੁਮਾਰ ਰੱਜਾ, ਚਿੰਤ ਕੁਮਾਰ, ਆਦਿ ਵਲੋਂ ਪ੍ਰਦੇਸ਼ ਪ੍ਰਧਾਨ ਨੂੰ ਸਨਮਾਨ ਵਜੋਂ ਲੋਈ ਅਤੇ ਗੁਲਦਸਤਾ ਭੇਟ ਕੀਤਾ ਗਿਆ। ਇਸ ਮੌਕੇ 'ਤੇ ਭਾਜਪਾ ਪੰਜਾਬ ਮੀਤ ਪ੍ਰਧਾਨ ਰਾਕੇਸ਼ ਰਾਠੌੜ, ਸਾਬਕਾ ਐਮਐਲਏ ਸ੍ਰੀ ਹਰਿਗੋਬਿੰਦਪੁਰ ਬਲਵਿੰਦਰ ਸਿੰਘ ਲਾਡੀ, ਸਾਬਕਾ ਜ਼ਿਲ੍ਹਾ ਜਲੰਧਰ ਪ੍ਰਧਾਨ ਰਮਨ ਯੂਥ ਪ੍ਰਧਾਨ ਅਮਨਦੀਪ ਸਿੰਘ, ਜਿਲਾ ਪ੍ਰਧਾਨ ਮਹਿਲਾ ਮੋਰਚਾ ਨਿਧੀ ਤਿਵਾੜੀ, ਰਮਨ ਪੱਬੀ, ਸਾਬਕਾ ਜ਼ਿਲ੍ਹਾ ਜਲੰਧਰ ਦਿਹਾਤੀ ਪ੍ਰਧਾਨ ਅਮਰਜੀਤ ਸਿੰਘ ਅਮਰੀ, ਸਾਬਕਾ ਜ਼ਿਲ੍ਹਾ ਜਲੰਧਰ ਦਿਹਾਤੀ ਪ੍ਰਧਾਨ ਸੁਦਰਸ਼ਨ ਸੋਬਤੀ, ਸੰਦੀਪ ਕੁਮਾਰ ਜ਼ਿਲ੍ਹਾ ਜਨਰਲ ਸਕੱਤਰ, ਮਨਮੀਤ ਸਿੰਘ ਜ਼ਿਲ੍ਹਾ ਜਨਰਲ ਸਕੱਤਰ, ਪੰਡਿਤ ਵਿਪੁਲ ਜੈਂਡੂਸਿੰਘਾ, ਅਜੀਤ ਸਿੰਘ,ਪ੍ਰੇਮਜੀਤ ਮਹਿਮੀ, ਮਨਦੀਪ ਬਖਸ਼ੀ, ਚੰਦਰਸ਼ੇਖਰ, ਰਾਜੀਵ ਪੰਜਾ, ਹਰੀਸ਼ ਗਾਂਧੀ, ਅਰਜੁਨ ਤਿਵਾੜੀ ਆਦਿ ਕਾਰਜਕਰਤਾ ਮੌਜੂਦ ਸਨ।

ਜਸਪਾਲ ਸਿੰਘ ਨੇ ਆਪਣਾ ਜਨਮ ਦਿਨ ਸਪੈਸ਼ਲ ਬੱਚਿਆਂ ਨਾਲ ਮਨਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨ ਖੇਲਾਂ ਵਿਖੇ ਸ਼੍ਰੀ ਜਸਪਾਲ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸ਼ਾਂਤੀ ਨੇ ਆਪਣਾ ਜਨਮ ਦਿਨ ਸਪੈਸ਼ਲ ਬੱਚਿਆਂ ਨਾਲ ਮਨਾਇਆ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ। ਇਸ ਮੌਕੇ ਜਸਪਾਲ ਸਿੰਘ ਨੇ ਸਪੈਸ਼ਲ ਬੱਚਿਆਂ ਅਤੇ ਸਟਾਫ਼ ਮੈਂਬਰਾਂ ਲਈ ਲੰਗਰ ਦਾ ਪ੍ਰਬੰਧ ਕੀਤਾ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਮੈਂਬਰ ਹਰਬੰਸ ਸਿੰਘ ਸਕੱਤਰ, ਹਰੀਸ਼ ਠਾਕੁਰ, ਰਾਮ ਆਸਰਾ, ਬਰਿੰਦਰ ਕੁਮਾਰ ਕੋਰਸ ਕੋਆਰਡੀਨੇਟਰ, ਪੂਜਾ, ਸਤਨਾਮ ਸਿੰਘ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਅੱਜ

ਰੋਪੜ (ਬਿੰਦਰਾ) ਰੂਪਨਗਰ ਪ੍ਰੈਸ ਕਲੱਬ ਦੇ ਖਜਾਨਚੀ ਅਤੇ ਸਾਫਟਵੇਅ ਚੈਨਲ ਦੇ ਪੱਤਰਕਾਰ ਸੁਰਜੀਤ ਸਿੰਘ ਗਾਂਧੀ ਦੇ ਭਰਾ ਗੁਰਸ਼ਰਨ ਸਿੰਘ ਜੋ ਕਿ 2 ਅਪ੍ਰੈਲ ਨੂੰ ਸੁਰਗਵਾਸ ਹੋ ਗਏ ਸਨ। ਉਨ੍ਹਾਂ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੋਪੜ ਵਿਖੇ 9 ਅਪ੍ਰੈਲ ਨੂੰ ਦੁਪਹਿਰ 1 ਵਜੇ ਤੋਂ 2 ਵਜੇ ਤਕ ਹੋਣਗੇ।

ਅਦਾਲਤਾਂ ਭਲਕ ਤੋਂ ਨਵੇਂ ਕੋਰਟ ਕੰਪਲੈਕਸ 'ਚ

ਹੁਸ਼ਿਆਰਪੁਰ, (ਓ ਪੀ ਰਾਣਾ)-ਜ਼ਿਲ੍ਹਾ ਤੇ ਸੈਸ਼ਨ ਜੱਜ ਹ

9-APRIL-PAGE-8.qxd 4/8/2023 9:50 PM Page 1

ਖੜ੍ਹੇ ਟਰਾਲੇ 'ਚ ਵੱਜੀ ਕਾਰ, ਪਰਵਾਰ ਦੇ 3 ਜੀਆਂ ਦੀ ਮੌਤ, 2 ਗੰਭੀਰ

ਵਿਆਹ ਸਮਾਗਮ ਤੋਂ ਵਾਪਸ ਪਰਤ ਰਿਹਾ ਸੀ ਪਰਵਾਰ

ਵਾਪਰੇ ਹਾਦਸੇ 'ਚ ਨੁਕਸਾਨੀ ਕਾਰ ਤੇ ਖੜ੍ਹਾ ਟਰੱਕ।

ਜਲਾਲਾਬਾਦ (ਜੀਤ ਕੁਮਾਰ, ਸਤਨਾਮ ਸਿੰਘ, ਪਰਮਜੀਤ ਢਾਬਾਂ)

ਫਾਜ਼ਿਲਕਾ ਤੋਂ ਇੱਕ ਵਿਆਹ ਸਮਾਗਮ ਤੋਂ ਆਪਣੇ ਘਰ ਪਿੰਡ ਪਾਲੀਵਾਲਾ ਤਹਿਸੀਲ ਜਲਾਲਾਬਾਦ ਨੂੰ ਵਾਪਸ ਆ ਰਹੇ ਇਕ ਪਰਿਵਾਰ 'ਤੇ ਦੁੱਖਾਂ ਦਾ ਕਹਿਰ ਉਸ ਵੇਲੇ ਬਰਪਿਆ, ਜਦੋਂ ਬੀਤੀ ਦੇਰ ਰਾਤ ਨੂੰ ਜਲਾਲਾਬਾਦ-ਫਾਜ਼ਿਲਕਾ ਮੁੱਖ ਮਾਰਗ 'ਤੇ ਖੜੇ ਟਰਾਲੇ ਵਿੱਚ ਕਾਰ ਦੀ ਟੱਕਰ ਹੋਣ ਨਾਲ 1 ਮਸੂਮ ਬੱਚੇ ਤੇ 2 ਔਰਤਾਂ ਦੀ ਮੌਤ ਹੋ ਗਈ ਹੈ, ਜਦੋਂਕਿ ਦੋ ਵਿਅਕਤੀ ਗੰਭੀਰ ਰੂਪ ਵਿੱਚ ਫੱਟੜ ਹੋ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਪਾਲੀਵਾਲਾ ਤਹਿਸੀਲ ਜਲਾਲਾਬਾਦ ਤੋਂ ਫਾਜ਼ਿਲਕਾ ਸ਼ਹਿਰ ਵਿਖੇ ਇੱਕ ਪਰਿਵਾਰ ਵਿਆਹ ਵਿੱਚ ਸ਼ਾਮਲ ਹੋਣ ਲਈ ਗਿਆ ਹੋਇਆ ਸੀ, ਜੋ ਦੇਰ ਰਾਤ ਨੂੰ ਜਾਗੋ ਕੱਢਣ ਤੋਂ ਬਾਅਦ ਇਹ ਪਰਿਵਾਰ, ਜਿਸ ਵਿੱਚ ਫੌਜੀ ਸੁਰਿੰਦਰ ਸਿੰਘ, ਉਸ ਦੇ ਪਿਤਾ ਮੁਖਤਿਆਰ ਸਿੰਘ, ਮਾਤਾ ਪ੍ਰਕਾਸ਼ ਕੌਰ ਤੇ ਉਸ ਦੀ ਪਤਨੀ ਅਤੇ 6 ਮਹੀਨੇ ਦਾ ਮਸੂਮ ਬੱਚਾ, ਵਾਪਸ ਆਪਣੇ ਪਿੰਡ ਪਾਲੀਵਾਲਾ ਆ ਰਹੇ ਸਨ। ਐੱਫ-ਐੱਫ ਮੁੱਖ ਮਾਰਗ 'ਤੇ ਸਥਿਤ ਪਿੰਡ ਬਾਘਾ ਨੇੜੇ ਹੋਟਲਾਂ ਦੇ ਕੋਲ ਕਾਰ, ਸੜਕ ਦੇ ਕਿਨਾਰੇ ਖੜੇ ਟਰਾਲੇ 'ਚ ਅਚਾਨਕ ਟਕਰਾਉਣ ਨਾਲ ਇਹ ਦਰਦਨਾਕ ਹਾਦਸਾ ਵਾਪਰਿਆ ਹੈ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਜਿੱਥੇ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ, ਉਥੇ ਹੀ ਇਸ ਕਾਰ ਵਿੱਚ ਸਵਾਰ ਫੌਜੀ ਸੁਰਿੰਦਰ ਸਿੰਘ ਦੀ ਪਤਨੀ, ਛੋਟਾ ਬੱਚਾ ਤੇ ਪ੍ਰਕਾਸ਼ ਕੌਰ, ਜੋ ਫੌਜੀ ਮਾਤਾ ਸੀ, ਉਸ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂਕਿ ਫੌਜੀ ਸੁਰਿੰਦਰ ਸਿੰਘ ਤੇ ਉਸ ਦੇ ਪਿਤਾ ਗੰਭੀਰ ਰੂਪ 'ਚ ਜ਼ਖਮੀ ਹੋ ਗਏ, ਜੋ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ। ਵਾਪਰੇ ਇਸ ਭਿਆਨਕ ਹਾਦਸੇ ਕਰਕੇ ਪਿੰਡ ਪਾਲੀਵਾਲਾ ਤੇ ਇਲਾਕੇ 'ਚ ਸੋਗ ਦੀ ਲਹਿਰ ਹੈ, ਕਿਉਂਕਿ ਇਹ ਪਰਿਵਾਰ ਫਾਜ਼ਿਲਕਾ ਵਿਖੇ ਇੱਕ ਵਿਆਹ ਸਮਾਗਮ ਵਿੱਚ ਗਿਆ ਹੋਇਆ ਸੀ ਅਤੇ ਬੀਤੀ ਰਾਤ ਨੂੰ ਵਾਪਸ ਆ ਰਿਹਾ ਸੀ। ਜਾਣਕਾਰੀ ਅਨੁਸਾਰ ਹਾਦਸੇ 'ਚ ਮਾਰੇ ਗਏ ਪਰਿਵਾਰ ਦੇ ਰਿਸ਼ਤੇਦਾਰੀ ਵਿੱਚ ਲੜਕੀ ਦਾ ਵਿਆਹ ਸੀ ਤੇ ਸ਼ਨੀਵਾਰ ਨੂੰ ਬਰਾਤ ਆਉਣ ਦਾ ਪ੍ਰੋਗਰਾਮ ਸੀ, ਜਿਸ 'ਤੇ ਵਿਆਹ ਦੀਆਂ ਖੁਸ਼ੀਆਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

ਪੈਨਸ਼ਨਰਜ਼ ਵੱਲੋਂ ਸਰਕਾਰ ਵਿਰੁੱਧ ਡੀ ਸੀ ਦਫਤਰ ਅੱਗੇ ਰੋਸ ਰੈਲੀ

ਸੰਗਰੂਰ (ਪ੍ਰਵੀਨ ਸਿੰਘ)

ਆਲ ਪੈਨਸ਼ਨਰਜ਼ ਵੈੱਲਫੇਅਰ ਐਸੋ: ਜ਼ਿਲ੍ਹਾ ਸੰਗਰੂਰ ਵੱਲੋਂ ਸਰਪ੍ਰਸਤ ਜਗਦੀਸ਼ ਸ਼ਰਮਾ, ਪ੍ਰਧਾਨ ਅਰਜਨ ਸਿੰਘ, ਅਜਮੇਰ ਸਿੰਘ ਪੁਲਸ ਪ੍ਰਧਾਨ, ਸੁਰਿੰਦਰ ਕੁਮਾਰ ਬਾਲੀਆ ਤੇ ਪਵਨ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦੀ ਪੈਨਸ਼ਨਰਾਂ ਮੰਗਾਂ ਬਾਰੇ ਅਣਦੇਖੀ, ਟਾਲ-ਮਟੋਲ ਤੇ ਡੰਗ ਟਪਾਊ ਬਦਨੀਤੀ ਵਿਰੁੱਧ ਡੀ ਸੀ ਦਫਤਰ ਸੰਗਰੂਰ ਅੱਗੇ ਭਾਰੀ ਰੋਸ ਰੈਲੀ ਕੀਤੀ ਤੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਰੋਸ ਦਾ ਪ੍ਰਗਟਾਵਾ ਕੀਤਾ।

ਰੈਲੀ ਨੂੰ ਸੰਬੋਧਨ ਕਰਦਿਆਂ ਜਗਦੀਸ਼ ਸ਼ਰਮਾ, ਸੁਰਿੰਦਰ ਬਾਲੀਆ, ਸੀਤਾ ਰਾਮ ਸ਼ਰਮਾ, ਬਿੰਕਰ ਸਿੰਘ ਸਿਬੀਆ, ਤੁਰਤ ਹਰੀ ਸਿੰਘ, ਬਲਵੰਤ ਸਿੰਘ ਢਿੱਲੋਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਮੁੱਖ ਸਕੱਤਰ ਪੰਜਾਬ ਸਰਕਾਰ ਨਾਲ ਕਈ ਮੀਟਿੰਗਾਂ ਵਿੱਚ ਮੰਗਾਂ ਪ੍ਰਵਾਨ ਕਰਨ ਕਰਨ ਦੀ ਕੀਤੇ ਵਾਅਦੇ ਵਫਾ ਨਹੀਂ ਹੋਏ, ਜਿਸ ਕਰਕੇ ਪੈਨਸ਼ਨਰਾਂ ਵਿੱਚ ਬਹੁਤ ਰੋਸ ਪਾਇਆ ਜਾ ਰਿਹਾ ਹੈ। ਬੁਲਾਰਿਆਂ ਨੇ ਦੱਸਿਆ ਕਿ 6ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ 01-01-2016 ਤੋਂ 30-06-2021 ਤੱਕ ਦੇ ਬਕਾਏ, 7/22 ਤੇ 1/23 ਦੀਆਂ ਦੋ ਡੀ ਏ ਦੀਆਂ 8% ਕਿਸ਼ਤਾਂ ਸਰਕਾਰੀ ਹਦਾਇਤਾਂ ਮਿਤੀ 29-10-2021 ਤੇ ਪੈਰਾ 5.1() ਅਨੁਸਾਰ ਨੈਸਨਲ ਫਿਕਸੇਸ਼ਨ ਜਨਵਰੀ 2015 ਤੋਂ 119% ਡੀ ਏ ਦੇਣ ਦਾ ਪੰਜਾਬ ਹਰਿਆਣਾ ਹਾਈ ਕੋਰਟ ਦੇ ਫੈਸਲੇ ਅਤੇ ਹੋਰ ਅਦਾਲਤੀ ਫੈਸਲੇ ਲਾਗੂ ਕਰਕੇ ਪੈਨਸ਼ਨਰਾਂ ਨਾਲ ਧੱਕਾ ਤੇ ਧੋਖਾ ਕੀਤੀ ਜਾ ਰਿਹਾ ਹੈ। ਬਕਾਇਆ ਲੈਣ ਦੇ ਇੰਤਜ਼ਾਰ 'ਚ ਸੈਂਕੜੇ ਪੈਨਸ਼ਨਰਾਂ ਦੀ ਮੌਤ ਹੋ ਚੁੱਕੀ ਹੈ, ਜਿਸ ਕਰਕੇ ਪੈਨਸ਼ਨਰਾਂ ਵਿੱਚ ਬਹੁਤ ਰੋਸ ਤੇ ਰੋਹ ਫੈਲ ਗਿਆ ਹੈ। ਇਸ ਦੀ ਸਖਤ ਲਫਜ਼ਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਮੰਗਾਂ ਨਾ ਮੰਨੀਆਂ ਤਾਂ ਜਲੰਧਰ ਸੰਸਦੀ ਜ਼ਿਮਨੀ ਚੋਣਾਂ ਸਮੇਂ 7 ਮਈ 2013 ਨੂੰ ਹਜ਼ਾਰਾਂ ਮੁਲਾਜ਼ਮਾਂ/ਪੈਨਸ਼ਨਰਾਂ ਵੱਲੋਂ ਝੰਡਾ ਮਾਰਚ ਕਰਕੇ ਰੋਸ ਦਾ ਪ੍ਰਗਟਾਵਾ ਕੀਤਾ ਜਾਵੇਗਾ।

ਇਸ ਮੌਕੇ ਸਤਪਾਲ ਕਲਸੀ, ਅਮਰ ਨਾਥ ਸ਼ਰਮਾ, ਮੋਹਨ ਸਿੰਘ, ਰਾਮ ਲਾਲ ਸ਼ਰਮਾ, ਜਗਦੇਵ ਸਿੰਘ, ਸ਼ਿਵ ਕੁਮਾਰ, ਹਰਬੰਸ ਜਿੰਦਲ, ਕੁਲਵੰਤ ਸਿੰਘ, ਤਾਰਾ ਸਿੰਘ, ਹਵਾ ਸਿੰਘ, ਬਲਵੀਰ ਸਿੰਘ ਰਤਨ, ਸਤਨਾਮ ਸਿੰਘ ਬਾਜਵਾ, ਮੇਲਾ ਸਿੰਘ, ਭੀਮ ਸੈਨ, ਹਰਚਰਨ ਸਿੰਘ, ਅਮਰਜੀਤ ਸਿੰਘ, ਜਸਮੇਲ ਸਿੰਘ, ਮੰਗਲ ਰਾਣਾ, ਗੁਰਜੰਟ ਸਿੰਘ ਸਾਰੋਂ, ਸੁਖਦੇਵ ਸਿੰਘ ਆਦਿ ਹਾਜ਼ਰ ਸਨ।

ਮਾਮਲਾ ਗਰੀਬ ਪਰਵਾਰ 'ਤੇ ਪੁਲਸ ਅੱਤਿਆਚਾਰਾਂ ਦਾ

ਪੀੜਤ ਪਰਵਾਰ ਨੂੰ ਨਿਆਂ ਦਿਵਾਉਣ ਲਈ 382ਵੇਂ ਦਿਨ ਵੀ ਥਾਣੇ ਮੂਹਰੇ ਧਰਨਾ

■ ਪੰਜਾਬ ਸਰਕਾਰ ਪੀੜਤਾਂ ਪ੍ਰਤੀ ਉਦਾਸੀਨ : ਕੌਮੀ ਕਮਿਸ਼ਨ ਦਿੱਲੀ

ਜਗਰਾਉਂ (ਨਛੱਤਰ ਸੰਧੂ)-ਪੁਲਸ ਅੱਤਿਆਚਾਰ ਦੇ ਸ਼ਿਕਾਰ ਹੋਏ ਅਨੁਸੂਚਿਤ ਜਾਤੀ ਦੇ ਗਰੀਬ ਪਰਿਵਾਰ ਨੂੰ ਨਿਆਂ ਦਿਵਾਉਣ ਲਈ ਇਨਸਾਫਪਸੰਦ ਆਗੂ 382ਵੇਂ ਦਿਨ ਵੀ ਧਰਨੇ 'ਤੇ ਬੈਠੇ ਰਹੇ ਅਤੇ ਨਿਆਂ ਦੀ ਮੰਗ ਕਰਦੇ ਰਹੇ। ਅੱਜ 382ਵੇਂ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਬਲਾਕ ਕਮੇਟੀ ਮੈਂਬਰ ਜੱਗਾ ਸਿੰਘ ਢਿੱਲੋਂ ਤੇ ਰਾਮਤੀਰਥ ਸਿੰਘ ਲੀਲ੍ਹਾ ਸਮੇਤ ਠੇਕੇਦਾਰ ਅਵਤਾਰ ਸਿੰਘ ਜਗਰਾਉਂ ਨੇ ਕਿਹਾ ਕਿ ਇੱਕ ਸਾਲ ਪੂਰਾ ਹੋ ਗਿਆ ਧਰਨੇ 'ਤੇ ਬੈਠਿਆਂ ਨੂੰ, ਪਰ ਪੰਜਾਬ ਸਰਕਾਰ ਕੋਈ ਸੁਣਵਾਈ ਨਹੀਂ ਕਰ ਰਹੀ। 23 ਮਾਰਚ 2022 ਤੋਂ ਸ਼ੁਰੂ ਹੋਏ ਇਸ ਧਰਨੇ ਦੀ ਅਗਵਾਈ ਕਰ ਰਹੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ, ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲ਼ਣ, ਦਸਮੇਸ਼ ਕਿਸਾਨ-ਮਜ਼ਦੂਰ ਯੂਨੀਅਨ (ਰਜਿ.) ਦੇ ਸੂਬਾ ਸਕੱਤਰ ਜਸਦੇਵ ਸਿੰਘ ਲਲਤੋਂ ਨੇ ਕਿਹਾ ਕਿ ਹੁਣ ਤਾਂ ਕੌਮੀ ਕਮਿਸ਼ਨ ਦਿੱਲੀ ਨੇ ਵੀ ਪੀੜਤ ਪਰਿਵਾਰ 'ਤੇ ਹੋਏ ਅੱਤਿਆਚਾਰ ਨੂੰ ਮੰਨਦਿਆਂ ਪੰਜਾਬ ਸਰਕਾਰ ਗ੍ਰਿਫਤਾਰੀ ਤੇ ਮੁਆਵਜ਼ਾ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਹਨ, ਪਰ ਪੰਜਾਬ ਸਰਕਾਰ ਤੇ ਪੁਲਸ ਅਧਿਕਾਰੀਆਂ ਦਾ ਵਤੀਰਾ ਉਦਾਸੀਨ ਹੈ। ਇਸ ਸਮੇਂ ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਨੇ ਦੱਸਿਆ ਕਿ 31 ਜੁਲਾਈ 2004 ਨੂੰ ਉਸ ਦੀ 14 ਕੁ ਸਾਲ ਦੀ ਭਤੀਜੀ ਨੇ ਆਤਮਹੱਤਿਆ ਕੀਤੀ ਸੀ ਤੇ ਕਰੀਬ ਸਾਲ ਬਾਅਦ 14 ਜੁਲਾਈ 2005 ਨੂੰ ਥਾਣਾ ਸਿਟੀ ਜਗਰਾਉਂ ਦੇ ਆਪੂ ਬਣੇ ਥਾਣਾ ਮੁਖੀ ਗੁਰਿੰਦਰ ਬੱਲ ਤੇ ਪੁਲਸ ਚੌਕੀ ਬੱਸ ਅੱਡਾ ਜਗਰਾਉਂ ਦੇ ਇੰਚਾਰਜ ਏ ਐੱਸ ਆਈ ਰਾਜਵੀਰ ਨੇ ਮੇਰੀ ਮਾਤਾ ਸੁਰਿੰਦਰ ਕੌਰ ਤੇ ਭੈਣ ਕੁਲਵੰਤ ਕੌਰ ਨੂੰ ਲੋਕਾਂ ਸਾਹਮਣੇ ਰਾਤ ਨੂੰ ਕੰਧਾਂ ਟੱਪ ਕੇ ਘਰੋਂ ਚੁੱਕਿਆ ਤੇ ਥਾਣੇ 'ਚ ਰੱਖ ਕੇ ਅੱਤਿਆਚਾਰ ਕੀਤਾ ਤੇ ਕਰੰਟ ਲਗਾਇਆ ਸੀ ਅਤੇ ਬਾਅਦ ਵਿੱਚ ਨਕਾਰਾ ਹੋਈ ਮੇਰੀ ਭੈਣ ਕਰੀਬ 10 ਸਾਲ ਮੰਜੇ 'ਤੇ ਪਈ ਰਹੀ।

ਰਸੂਲਪੁਰ ਅਨੁਸਾਰ 10 ਦਸੰਬਰ 2021 ਨੂੰ ਉਸ ਦੀ ਭੈਣ ਦੀ ਮੌਤ ਹੋਣ ਤੋਂ ਦੂਜੇ ਦਿਨ ਮੌਕੇ ਦੇ ਜ਼ਿਲ੍ਹਾ ਪੁਲਸ ਮੁਖੀ ਨੇ ਉੱਕਤ ਐੱਸ.ਐੱਚ.ਓ. ਤੇ ਏ.ਐੱਸ.ਆਈ. ਸਮੇਤ ਫਰਜ਼ੀ ਗਵਾਹ ਪੰਚ-ਸਰਪੰਚ ਖਿਲਾਫ 304, 342, 34 ਤੇ ਐੱਸ.ਸੀ./ਐੱਸ.ਟੀ. 1989 ਅਧੀਨ ਮੁਕੱਦਮਾ ਦਰਜ ਕੀਤਾ ਸੀ, ਪਰ ਅੱਜ ਤੱਕ ਦੋਸ਼ੀਆਂ ਦੀ ਗ੍ਰਿਫਤਾਰੀ ਨਹੀਂ ਕੀਤੀ, ਸਿੱਟੇ ਵਜੋਂ ਪੀੜਤ ਪਰਿਵਾਰ ਤੇ ਇਨਸਾਫ ਪਸੰਦ ਜਮਹੂਰੀ ਲੋਕਾਂ ਵੱਲੋਂ 23 ਮਾਰਚ ਥਾਣਾ ਸਿਟੀ ਜਗਰਾਉਂ ਮੂਹਰੇ ਅਣਮਿੱਥੇ ਸਮੇਂ ਦਾ ਧਰਨਾ ਲਗਾਇਆ ਹੋਇਆ ਹੈ, ਜਿਸ ਵਿੱਚ ਹੁਣ ਤੱਕ 4 ਧਰਨਾਕਾਰੀਆਂ ਨੇ ਜਾਨ ਗੁਆਈ, ਪਰ ਬਾਵਜੂਦ ਇਸ ਦੇ ਧਰਨਾ ਅੱਜ ਵੀ ਜਾਰੀ ਹੈ।

ਕਾਤਰਾਂ

ਫਰੀ ਹੋਮਿਓਪੈਥਿਕ ਕੈਂਪ ਭਲਕੇ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਹੋਮਿਓਪੈਥੀ ਦੇ ਜਨਮਦਾਤਾ ਡਾ: ਸੈਮੂਅਲ ਹੈਨੀਮੈਨ ਦੇ ਜਨਮ ਦਿਹਾੜੇ ਨੂੰ ਸਮਰਪਤ ਫਰੀ ਹੋਮਿਓਪੈਥਿਕ ਕੈਂਪ 10 ਅਪ੍ਰੈਲ 2023 ਨੂੰ ਸਵੇਰੇ 10 ਵਜੇ ਸਿਵਲ ਡਿਸਪੈਂਸਰੀ ਸਰਹਿੰਦ ਸ਼ਹਿਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ: ਮਨਵਿੰਦਰ ਕੌਰ ਐੱਚ.ਐੱਮ.ਓ. ਨੇ ਦੱਸਿਆ ਕਿ ਇਸ ਕੈਂਪ ਵਿੱਚ ਹਰ ਬਿਮਾਰੀ ਦਾ ਚੈੱਕਅੱਪ ਕੀਤਾ ਜਾਵੇਗਾ ਤੇ ਫਰੀ ਦਵਾਈ ਦਿੱਤੀ ਜਾਵੇਗੀ। ਉਨ੍ਹਾ ਸਮੂਹ ਸ਼ਹਿਰ ਤੇ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਕੈਂਪ ਦਾ ਫਾਇਦਾ ਲੈਣਾ ਚਾਹੀਦਾ ਹੈ, ਕਿਉਂਕਿ ਹੋਮਿਓਪੈਥੀ ਵਿੱਚ ਹਰ ਬੀਮਾਰੀ ਦਾ ਇਲਾਜ ਹੈ ਤੇ ਇਨ੍ਹਾਂ ਦਵਾਈਆਂ ਦਾ ਕੋਈ ਵੀ ਸਾਈਡ ਇਫੈਕਟ ਨਹੀਂ ਹੁੰਦਾ। ਉਨ੍ਹਾ ਦੱਸਿਆ ਕਿ ਕੈਂਪ ਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ।

200 ਗ੍ਰਾਮ ਹੈਰੋਇਨ ਸਮੇਤ ਦੋ ਕਾਬੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਸਦਰ ਜ਼ੀਰਾ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 200 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਜੁਗਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਦਾਣਾ ਮੰਡੀ ਪਿੰਡ ਲੋਹਕੇ ਕਲਾਂ ਵਿਖੇ ਪਹੁੰਚੇ ਤਾਂ ਦੋਸ਼ੀਆਨ ਸਾਰਜ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਕਾਲੇ ਕੇ ਹਿਠਾੜ, ਕਰਨਬੀਰ ਸਿੰਘ ਉਰਫ ਕਰਨ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਆਲੇ ਵਾਲਾ ਦਾਣਾ ਮੰਡੀ ਦੇ ਸ਼ੈੱਡ ਹੇਠਾਂ ਬੈਠੇ ਵਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਤੇ ਮੌਕੇ ਤੋਂ ਭੱਜਣ ਲੱਗੇ, ਜਿਨ੍ਹਾਂ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 200 ਗ੍ਰਾਮ ਹੈਰੋਇਨ ਬਰਾਮਦ ਹੋਈ।

ਪ੍ਰਧਾਨ ਮੰਤਰੀ ਨੈਸ਼ਨਲ ਅਪ੍ਰੈਂਟਿਸਸ਼ਿਪ ਮੇਲਾ ਭਲਕੇ

ਬਸੀ ਪਠਾਣਾਂ (ਪ੍ਰਮੋਦ ਭਾਰਦਵਾਜ)-ਜ਼ਿਲ੍ਹੇ ਦੀ ਸਭ ਤੋਂ ਪੁਰਾਣੀ ਤੇ ਵਿਲੱਖਣ ਪਹਿਚਾਣ ਰੱਖਣ ਵਾਲੀ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਦੇ ਮੌਜੂਦਾ ਪ੍ਰਿੰਸੀਪਲ, ਮੇਲੇ ਦੇ ਇੰਚਾਰਜ ਹਰਸ ਕਲੇਰ, ਵੈਲਡਿੰਗ ਟਰੇਡ ਦੇ ਮੁਖੀ ਪ੍ਰੋ. ਹਿੰਮਤ ਭਾਰਗਵ ਤੇ ਸੁਰਿੰਦਰ ਸਿੰਘ ਨੇ ਪੱਤਰਕਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਪ੍ਰਧਾਨ ਮੰਤਰੀ ਨੈਸ਼ਨਲ ਅਪ੍ਰੈਂਟਿਸਸ਼ਿਪ ਮੇਲਾ 10 ਅਪ੍ਰੈਲ 2023 ਨੂੰ ਸੰਸਥਾ ਦੇ ਕੈਂਪਸ ਵਿਖੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਚਾਹਵਾਨ ਸਾਰੇ ਝੱਜਣਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਤੇ ਇਸ ਮੌਕੇ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਇਸ ਕੈਂਪ ਵਿੱਚ ਅੱਠਵੀਂ, ਦਸਵੀਂ, ਬਾਰਵੀਂ ਤੇ ਆਈ ਟੀ ਆਈ ਯੋਗਤਾ ਵਾਲੇ ਉਮੀਦਵਾਰ ਭਾਗ ਲੈ ਸਕਦੇ ਹਨ।

ਪ੍ਰਾਇਮਰੀ ਸਕੂਲ ਭੂਰੇ ਖੁਰਦ 'ਚ ਚੋਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਕਾਰੀ ਪ੍ਰਾਇਮਰੀ ਸਕੂਲ ਭੂਰੇ ਖੁਰਦ ਵਿਖੇ ਅਣਪਛਾਤੇ ਚੋਰਾਂ ਵੱਲੋਂ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਲੱਖੋਕੇ ਬਹਿਰਾਮ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਨਜੀਤ ਸਿੰਘ ਹੈੱਡ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਭੂਰੇ ਖੁਰਦ ਨੇ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਨੇ ਬੀਤੀ 27-28 ਮਾਰਚ ਤੇ 3-4 ਅਪ੍ਰੈਲ 2023 ਦੀ ਦਰਮਿਆਨੀ ਰਾਤਾਂ ਨੂੰ ਸਕੂਲ ਅੰਦਰੋਂ ਪੱਖੇ, ਐੱਲ ਸੀ ਡੀ, ਰਾਸ਼ਨ, ਸਿਲੰਡਰ, ਬੱਚਿਆਂ ਦੀ ਵਰਦੀਆਂ ਚੋਰੀ ਕਰਕੇ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਲਿਆ ਹੈ।

ਬੈਂਕ ਨਾਲ ਧੋਖਾਧੜੀ ਕਰਨ ਦੇ ਦੋਸ਼ 'ਚ 6 ਨਾਮਜ਼ਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਧਾਨ ਸਭਾ ਹਲਕਾ ਜ਼ੀਰਾ ਵਿਖੇ ਬੈਂਕ ਨਾਲ ਧੋਖਾਧੜੀ ਕਰਨ ਦੇ ਦੋਸ਼ ਵਿੱਚ ਥਾਣਾ ਸਦਰ ਜ਼ੀਰਾ ਪੁਲਸ ਨੇ 6 ਵਿਅਕਤੀਆਂ ਖਿਲਾਫ 420, 406, 422, 424, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਜੁਗਰਾਜ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 819 ਪੀ ਸੀ ਰਾਹੀਂ ਜਸਵੰਤ ਸਿੰਘ ਕਾਲੜਾ ਬੈਂਕ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ ਜ਼ੀਰਾ ਜ਼ਿਲ੍ਹਾ ਫਿ

9-APRIL-PAGE-9.qxd 4/8/2023 9:50 PM Page 1

ਏ ਆਈ ਐੱਸ ਐੱਫ ਨੇ 'ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚਾ' ਦੇ ਹੱਕ 'ਚ ਕੀਤੀ ਹੜਤਾਲ

ਮੋਗਾ (ਅਮਰਜੀਤ ਬੱਬਰੀ)

ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚਾ ਦੇ ਸੱਦੇ 'ਤੇ ਪੰਜਾਬ ਭਰ ਦੇ ਵਿੱਦਿਅਕ ਅਦਾਰਿਆਂ ਵਿੱਚ ਹੜਤਾਲ ਕੀਤੀ ਗਈ। ਇਸ ਤਹਿਤ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਜ਼ਿਲ੍ਹਾ ਮੋਗਾ ਦੇ ਵੱਖ-ਵੱਖ ਅਦਾਰਿਆਂ ਵਿੱਚ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀ ਦੇ ਸੰਘਰਸ਼ੀ ਸਾਥੀਆਂ ਨਾਲ ਸੰਦਭਾਵਨਾ ਸਾਂਝੀ ਕਰਦਿਆਂ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਦਰਜ ਕਰਵਾਇਆ ਗਿਆ।

ਇਸ ਮੌਕੇ ਹਾਜ਼ਰ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਦਿਆਰਥੀ ਆਗੂ ਕਰਮਵੀਰ ਬੋਧਨੀ ਤੇ ਹਰਪ੍ਰੀਤ ਢੁੱਡੀਕੇ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਉੱਚ ਵਿੱਦਿਆ ਦਾ ਨਿੱਜੀਕਰਨ ਇਸ ਨੂੰ ਪ੍ਰਾਈਵੇਟ ਹੱਥਾਂ 'ਚ ਦੇ ਕੇ ਬਜ਼ਾਰੀ ਵਸਤੂ ਬਣਾਇਆ ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਹ ਵਿੱਦਿਅਕ ਅਦਾਰੇ ਲੋਕਾਂ ਨੇ ਆਪਣੀ ਕਿਰਤ ਕਮਾਈ 'ਚੋਂ ਪੈਸਾ ਲਗਾ ਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਉਸਾਰੇ ਹਨ। ਇਨ੍ਹਾਂ ਉੱਪਰ ਅਸਲ ਹੱਕ ਕਿਰਤੀਆਂ ਦੇ ਧੀਆਂ-ਪੁੱਤਾਂ ਦਾ ਹੈ, ਜੋ ਉਥੇ ਸਿੱਖਿਆ ਲੈ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਦਾ ਸੁਪਨਾ ਸੰਜੋਈ ਬੈਠੇ ਹਨ। ਕਾਰਪੋਰੇਟਾਂ ਦੇ ਦਲਾਲ ਇਸ ਨੂੰ ਤਬਾਹ ਕਰਨਾ ਚਹੁੰਦੇ ਹਨ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਆਗੂਆਂ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਗ੍ਰਾਂਟ 'ਤੇ ਕੱਟ ਲਗਾ ਕੇ ਯੂਨੀਵਰਸਿਟੀ ਨੂੰ ਬੰਦ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ, ਜਿਸ ਦਾ ਪੰਜਾਬ ਦੇ ਸਮੂਹ ਵਿਦਿਆਰਥੀਆਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਸਰਕਾਰ ਪੰਜਾਬੀ ਯੂਨੀਵਰਸਿਟੀ ਦਾ ਸਾਰਾ ਕਰਜ਼ਾ ਮੁਆਫ ਕਰਕੇ ਬਣਦੀ ਅਸਲ ਗ੍ਰਾਂਟ ਜਾਰੀ ਕਰੇ ਤੇ ਪੜ੍ਹਾਉਣ ਵਾਲੇ ਸਾਰੇ ਪ੍ਰੋਫੈਸਰਾਂ ਨੂੰ ਰੈਗੂਲਰ ਕਰੇ, ਜੇਕਰ ਸਰਕਾਰ ਨੇ ਆਪਣਾ ਰਵੱਈਆ ਬਦਲ ਮੋਰਚੇ ਦੀਆਂ ਮੰਗਾਂ ਨੂੰ ਪੂਰਾ ਨਾ ਕੀਤਾ ਤਾਂ ਸਾਰੇ ਪੰਜਾਬ ਦੇ ਵਿਦਿਆਰਥੀ ਸਿੱਖਿਆ ਨੂੰ ਬਚਾਉਣ ਲਈ ਸੜਕਾਂ 'ਤੇ ਆਉਣਗੇ। ਇਸ ਸਮੇਂ ਉਨ੍ਹਾਂ ਨਾਲ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾਈ ਆਗੂ ਸਵਰਾਜ ਢੁੱਡੀਕੇ, ਲਖਵੀਰ ਕੌਰ, ਹਰਮਨਦੀਪ ਸਿੰਘ, ਸੁਖਰਾਜ ਦੌਧਰ, ਰਮੇਸ਼ ਕੁਮਾਰ, ਪਰਦੀਪ ਸਿੰਘ, ਚਰਨਜੀਤ ਕੌਰ, ਕੁਲਬੀਰ ਸਿੰਘ ਆਦਿ ਵਿਦਿਆਰਥੀ ਹਾਜ਼ਰ ਸਨ।

ਸਰ੍ਹੋਂ ਦੀ ਕੱਟੀ ਹੋਈ ਫਸਲ ਦੀ ਮੰਡਲੀ ਅੱਗ ਲੱਗਣ ਨਾਲ ਮਚ ਕੇ ਹੋਈ ਰਾਖ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਨੇੜਲੇ ਪਿੰਡ ਲਹਿਰਾ ਸੌਂਧਾ ਵਿਖੇ ਨਿਆਈਂ ਵੇਲੇ ਖੇਤਾਂ ਵਿੱਚ ਲੰਘੀ ਰਾਤ ਪੱਕੀ ਹੋਈ ਸਰ੍ਹੋਂ ਦੀ ਕੱਟੀ ਫਸਲ ਦੇ ਬਣਾ ਕੇ ਰੱਖੀ ਹੋਈ ਮੰਡਲੀ ਨੂੰ ਅੱਗ ਲੱਗਣ ਕਾਰਨ ਇੱਕ ਏਕੜ ਰਕਬੇ ਦੀ ਸਾਰੀ ਫਸਲ ਮੱਚ ਕੇ ਰਾਖ ਹੋ ਗਈ। ਗਰੀਬ ਕਿਸਾਨ ਗੁਰਪ੍ਰੀਤ ਸਿੰਘ ਪੁੱਤਰ ਹਰਵੁਲ ਸਿੰਘ ਨੇ ਦੁਖੀ ਮਨ ਨਾਲ ਦੱਸਿਆ ਕਿ 60 ਹਜ਼ਾਰ ਰੁਪਏ ਪ੍ਰਤੀ ਏਕੜ ਠੇਕੇ 'ਤੇ ਲੈ ਕੇ ਬੀਜੀ ਸਰ੍ਹੋਂ ਦੀ ਫਸਲ, ਜੋ ਕਿ ਪੱਕਣ ਉਪਰੰਤ ਕੱਟ ਕੇ ਮੰਡਲੀ ਦੇ ਰੂਪ ਵਿੱਚ ਖੇਤ 'ਚ ਹੀ ਰੱਖੀ ਹੋਈ ਸੀ ਤੇ 11-12 ਕੁਇੰਟਲ ਝਾੜ ਨਿੱਕਲਣਾ ਸੀ, ਜੋ ਰਾਤੀਂ 10 ਵਜੇ ਦੇ ਕਰੀਬ ਅੱਗ ਲੱਗਣ ਕਾਰਨ ਮੱਚ ਗਈ। ਇਸ ਸਬੰਧੀ ਪਤਾ ਲੱਗਦਿਆਂ ਹੀ ਜਦੋਂ ਉਹ ਖੇਤ ਪਹੁੰਚੇ ਤਾਂ ਪੂਰੀ ਦੀ ਪੂਰੀ ਮੰਡਲੀ ਅੱਗ ਨਾਲ ਮੱਚ ਕੇ ਰਾਖ ਹੋ ਚੁੱਕੀ ਸੀ।

ਅੱਗ ਕਿਵੇਂ ਲੱਗੀ ਜਾਂ ਕਿਸੇ ਸ਼ਰਾਰਤੀ ਅਨਸਰ ਵੱਲੋਂ ਲਗਾਈ ਗਈ, ਇਸ ਬਾਰੇ ਕੋਈ ਪਤਾ ਨਹੀਂ ਲੱਗਿਆ ਹੈ। ਆਸ-ਪਾਸ ਦੇ ਕਟਾਈ ਲਈ ਤਿਆਰ ਖੜੀ ਕਣਕ ਦੀ ਫਸਲ ਤੱਕ ਅੱਗ ਨਾ ਪਹੁੰਚੇ, ਉਨ੍ਹਾਂ ਇਸ ਲਈ ਮੱਚੀ ਹੋਈ ਥਾਂ ਉੱਪਰ ਮਿੱਟੀ ਪਾ ਕੇ ਸੁਹਾਗਾ ਫੇਰ ਦਿੱਤਾ। ਪੁਲਸ ਚੌਕੀ ਭੁੱਚੋ ਨੂੰ ਇਤਲਾਹ ਕਰਨ 'ਤੇ ਰਾਤੀਂ 12 ਵਜੇ ਦੇ ਲੱਗ-ਭੱਗ ਪੁਲਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ। ਭਾਕਿਯੂ ਏਕਤਾ ਉਗਰਾਹਾਂ ਦੇ ਆਗੂ ਦਰਸ਼ਨ ਸਿੰਘ ਖਾਲਸਾ ਨੇ ਸਰਕਾਰ ਤੋਂ ਪ੍ਰਭਾਵਿਤ ਕਿਸਾਨ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤੇ ਜਾਣ ਦੀ ਮੰਗ ਕੀਤੀ ਹੈ।

309 ਏਕੜ ਜ਼ਮੀਨ ਦੇ ਮਾਮਲੇ ਨੂੰ ਲੈ ਕੇ ਲੱਗਿਆ ਪੱਕਾ ਮੋਰਚਾ ਜੇਤੂ ਰੈਲੀ ਨਾਲ ਸਮਾਪਤ

ਜਲਾਲਾਬਾਦ (ਪਰਮਜੀਤ ਢਾਬਾਂ)-ਪਿਛਲੇ 103 ਦਿਨਾਂ ਤੋਂ ਤਿੰਨ ਕਿਸਾਨ ਜਥੇਬੰਦੀਆਂ 'ਤੇ ਅਧਾਰਤ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਲੱਗਿਆ ਪੱਕਾ ਮੋਰਚਾ ਜੇਤੂ ਰੈਲੀ ਕਰਕੇ ਕੀਤਾ ਸਸਪੈਂਡ ਕਰਦਿਆਂ ਰਹਿੰਦੀਆਂ ਮੰਗਾਂ ਲਈ ਸੰਘਰਸ਼ ਕਰਨ ਦਾ ਅਹਿਦ ਲਿਆ। ਜਾਣਕਾਰੀ ਦਿੰਦੇ ਹੋਏ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਡਾ. ਸੁਖਚੈਨ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਰੇਸ਼ਮ ਮਿੱਡਾ ਨੇ ਕਿਹਾ ਕਿ ਪਿਛਲੇ ਦਸੰਬਰ ਮਹੀਨੇ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿੰਡ ਬੱਗੇ ਕੇ 309 ਏਕੜ ਜ਼ਮੀਨ ਦੇ ਅਬਾਦਕਾਰ ਪਿਛਲੇ ਦਹਾਕਿਆਂ ਤੋਂ ਖੇਤੀ ਕਰਦੇ ਆ ਰਹੇ ਸੀ, ਲੱਗਭੱਗ 400 ਪਰਿਵਾਰ ਇਥੇ ਖੇਤੀ ਕਰਦੇ ਆ ਰਹੇ ਸੀ। ਪੰਜਾਬ ਸਰਕਾਰ ਇਨ੍ਹਾਂ ਨੂੰ ਮਾਲਕੀ ਹੱਕ ਦੇਣ ਦੀ ਬਿਜਾਏ ਇਨ੍ਹਾਂ ਦੀਆਂ ਜ਼ਮੀਨਾਂ ਖੋਹਣ ਦੇ ਰਾਹ ਤੁਰ ਪਈ, ਤਾਂ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਅਗਵਾਈ ਵਿੱਚ ਪੱਕਾ ਮੋਰਚਾ ਲੱਗਿਆ। ਮੋਰਚੇ ਨੇ ਸਮੇਂ ਸਮੇਂ 'ਤੇ ਤਿੱਖੇ ਐਕਸ਼ਨ ਦਿੱਤੇ। ਪਿਛਲੇ 30 ਮਾਰਚ ਨੂੰ ਗੋਲਡੀ ਕੰਬੋਜ ਐੱਮ ਐੱਲ ਏ ਦੇ ਘਰ ਦਾ ਘਿਰਾਓ ਕੀਤਾ ਗਿਆ ਤਾਂ ਸਥਾਨਕ ਵਿਧਾਇਕ ਨੇ ਮੋਰਚੇ ਦੀਆਂ ਮੰਗਾਂ 'ਤੇ ਭਰੋਸਾ ਦਿਵਾਇਆ ਕਿ ਅੱਗੇ ਤੋਂ ਸਾਡੀ ਸਰਕਾਰ ਵੱਲੋਂ ਇਸ ਜ਼ਮੀਨ 'ਤੇ ਕਬਜ਼ੇ ਦੀ ਝਾਕ ਨਹੀਂ ਰੱਖੀ ਜਾਵੇਗੀ ਤੇ ਅਬਾਦਕਾਰਾਂ ਨੂੰ ਨਵੇਂ ਕਾਨੂੰਨ ਦੇ ਤਹਿਤ ਮਾਲਕੀ ਹੱਕ ਦਿਵਾਏ ਜਾਣਗੇ ਅਤੇ ਤੁਰੰਤ ਗਿਰਦੌਰੀਆਂ ਕਰਵਾਈਆਂ ਜਾਣਗੀਆਂ। ਸਥਾਨਕ ਪਿੰਡ ਕਮੇਟੀ ਤੇ ਜਥੇਬੰਦੀਆਂ ਨੇ ਮੀਟਿੰਗ ਕਰਕੇ ਇਸ ਭਰੋਸੇ 'ਤੇ ਮੋਰਚਾ ਸਸਪੈਂਡ ਕਰਨ ਦਾ ਐਲਾਨ ਕੀਤਾ ਅਤੇ ਉਪਰੰਤ ਪਿੰਡ ਬੱਗੇ ਕੇ ਦੀ ਪਿੰਡ 12 ਮੈਂਬਰੀ ਕਮੇਟੀ ਦੇ ਆਗੂਆਂ ਕਰਨੈਲ ਸਿੰਘ, ਦਲਜੀਤ ਸਿੰਘ, ਪਵਨ ਕੁਮਾਰ, ਪਰਮਜੀਤ ਸਿੰਘ, ਸ਼ਿੰਗਾਰਾ ਸਿੰਘ, ਮੰਗਤ ਸਿੰਘ, ਬਲਵੰਤ ਸਿੰਘ, ਬਲਵੀਰ ਸਿੰਘ, ਗੁਰਚਰਨ ਸਿੰਘ, ਬਲਵੀਰ ਬਿਜਲੀ ਵਾਲਾ, ਸ਼ਿੰਦਰ ਸਿੰਘ, ਸੁਰਜੀਤ ਸਿੰਘ ਤੇ ਪਿੰਡ ਵਾਸੀਆਂ ਨੇ ਜਥੇਬੰਦੀਆਂ ਦੇ ਆਗੂਆਂ ਨੂੰ ਵਧਾਈ ਦਿੱਤੀ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕਰਕੇ ਵਿਸ਼ੇਸ਼ ਧੰਨਵਾਦ ਕੀਤਾ ਅਤੇ 12 ਮੈਂਬਰੀ ਕਮੇਟੀ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਝੁੱਗੀਆਂ ਨੰਦ ਸਿੰਘ ਵਾਲਾ, ਬਲਾਕ ਪ੍ਰਧਾਨ ਹਰਮੀਤ ਸਿੰਘ, ਬਲਤੇਜ ਸਿੰਘ ਮੀਤ ਪ੍ਰਧਾਨ, ਬਲਵੰਤ ਸਿੰਘ ਬਲਾਕ ਪ੍ਰਧਾਨ, ਸੰਦੀਪ ਜੋਧਾ ਨੇ ਸੰਬੋਧਨ ਕੀਤਾ।

ਕਾਤਰਾਂ

ਸ੍ਰੀ ਬਾਲਾ ਜੀ ਦਾ ਜਨਮ ਦਿਹਾੜਾ ਮਨਾਇਆ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸ੍ਰੀ ਬਾਲਾ ਜੀ ਮੰਦਿਰ ਵਿਖੇ ਸ੍ਰੀ ਬਾਲਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸਵਾਗੀ ਸੁਕਰੀਤੀ ਜੀ ਮਹਾਰਾਜ ਨੇ ਭਗਵਾਨ ਬਾਲਾ ਜੀ ਦੇ ਭਜਨਾਂ ਤੇ ਪਾਠ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਕਿਹਾ ਕਿ ਪਾਠ, ਪੂਜਾ, ਸਿਮਰਨ ਹੀ ਵਿਅਕਤੀ ਦੇ ਕੰਮ ਆਉਂਦਾ ਹੈ ਤੇ ਹਰ ਕਿਸੇ ਦੀ ਮੱਦਦ ਕਰਕੇ ਹੀ ਜ਼ਿੰਦਗੀ ਵਿੱਚ ਸੁੱਖ ਪਾਇਆ ਜਾ ਸਕਦਾ ਹੈ। ਇਸ ਮੌਕੇ ਯਸ਼ਪਾਲ ਗਰਗ ਨੇ ਪੂਜਾ ਦੀ ਰਸਮ ਨਿਭਾਈ। ਇਸ ਮੌਕੇ ਪ੍ਰਧਾਨ ਸ਼ਿਵ ਕੁਮਾਰ, ਅਸ਼ੋਕ ਸਿੰਗਲਾ, ਤਰਸੇਮ ਮਿੱਤਲ, ਅਸ਼ੋਕ ਗੋਇਲ, ਭੀਮ ਗਰਗ, ਰਮੇਸ਼ ਗਰਗ, ਸਤੀਸ ਕੁਮਾਰ, ਸੁਰਿੰਦਰ ਸਿੰਗਲਾ, ਸੰਜੀਵ ਕੁਮਾਰ ਬਿੱਟਾ, ਕਪਿਲ ਸਿੰਗਲਾ, ਆਰ.ਕੇ.ਸ਼ਰਮਾ, ਰਮੇਸ਼ ਕੁਮਾਰ ਪੱਪਾ, ਰਾਕੇਸ਼ ਗਰਗ, ਸੰਦੀਪ ਕੁਮਾਰ, ਆਸ਼ੂਤੋਸ਼ ਬਾਂਸਲ, ਪ੍ਰੇਮ ਗਰਗ, ਅੱਛਰ ਕੁਮਾਰ ਤੇ ਗੌਰਵ ਜਿੰਦਲ ਆਦਿ ਵੀ ਹਾਜ਼ਰ ਸਨ।

ਵਿਧਾਇਕ ਸਿੰਗਲਾ ਨੇ ਪੰਜਵੀਂ ਜਮਾਤ 'ਚੋਂ ਅੱਵਲ ਵਿਦਿਆਰਥਣਾਂ ਨੂੰ ਸਾਈਕਲ ਦੇ ਕੇ ਕੀਤਾ ਸਨਮਾਨਤ

ਬਰੇਟਾ (ਗੋਬਿੰਦ ਸ਼ਰਮਾ)-ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੰਜਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਪਿੰਡ ਰੱਲਾ ਦੀਆਂ ਵਿਦਿਆਰਥਣਾਂ ਜਸਪ੍ਰੀਤ ਕੌਰ ਤੇ ਨਵਦੀਪ ਕੌਰ ਨੂੰ ਪੰਜਾਬ ਵਿੱਚੋਂ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕਰਨ 'ਤੇ ਮਾਨਸਾ ਵਿਧਾਇਕ ਡਾ. ਵਿਜੈ ਸਿੰਗਲਾ ਨੇ ਸਾਈਕਲ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਵਿਧਾਇਕ ਸਿੰਗਲਾ ਨੇ ਕਿਹਾ ਕਿ ਅਜਿਹੇ ਹੋਣਹਾਰ ਵਿਦਿਆਰਥੀ ਸਾਡੇ ਦੇਸ਼ ਦਾ ਭਵਿੱਖ ਹਨ। ਇਨ੍ਹਾਂ ਬੱਚਿਆਂ ਨੇ ਇਕੱਲੇ ਰੱਲੇ ਪਿੰਡ ਦਾ ਹੀ ਨਹੀਂ, ਸਗੋਂ ਮਾਨਸਾ ਹਲਕੇ ਦਾ ਅਤੇ ਪੂਰੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਇਨ੍ਹਾਂ ਬੱਚਿਆਂ ਦੀ ਪੜ੍ਹਾਈ ਨੂੰ ਨਿਰੰਤਰ ਜਾਰੀ ਰੱਖਣ ਲਈ ਉਹ ਨਿੱਜੀ ਤੌਰ 'ਤੇ ਵਚਨਬੱਧ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਹੋਣਹਾਰ ਵਿਦਿਆਰਥਣਾਂ ਨੂੰ ਸਨਮਾਨਤ ਕਰਦਿਆਂ ਉਹ ਖੁਸ਼ੀ ਮਹਿਸੂਸ ਕਰ ਰਹੇ ਹਨ। ਉਨ੍ਹਾ ਕਿਹਾ ਕਿ ਪਿੰਡ ਰੱਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਅਧਿਆਪਕਾਂ ਵੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਦੀ ਸਖਤ ਮਿਹਨਤ ਤੇ ਘਾਲਣਾ ਨਾਲ ਇਨ੍ਹਾਂ ਬੱਚਿਆਂ ਨੇ ਸ਼ਾਨਾਮੱਤੀ ਪ੍ਰਾਪਤੀ ਕੀਤੀ ਹੈ।

ਗੱਡੀ ਹੇਠਾਂ ਆਉਣ ਕਾਰਨ 3 ਢੱਠਿਆਂ ਦੀ ਮੌਤ, 1 ਜ਼ਖਮੀ

ਤਪਾ ਮੰਡੀ (ਅਰੁਣ ਗੋਇਲ)-ਬੀਤੀ ਰਾਤ ਅੰਬਾਲਾ-ਬਠਿੰਡਾ ਮੁੱਖ ਮਾਰਗ 'ਤੇ ਸਥਿਤ ਤਪਾ ਰੇਲਵੇ ਸਟੇਸ਼ਨ 'ਤੇ 4 ਢੱਠਿਆਂ ਦੇ ਗੱਡੀ ਹੇਠਾਂ ਆਉਣ ਕਾਰਨ ਤਿੰਨ ਦੀ ਮੌਤ ਤੇ ਇੱਕ ਦੇ ਜ਼ਖਮੀ ਹੋਣ ਬਾਰੇ ਜਦ ਸਵੇਰ ਸਮੇਂ ਨਜ਼ਦੀਕੀ ਲੋਕਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਪ੍ਰਸ਼ਾਸਨ ਖਿਲਾਫ ਰੋਸ ਪ੍ਰਗਟ ਕੀਤਾ। ਮੌਕੇ 'ਤੇ ਹਾਜ਼ਰ ਲੋਕਾਂ ਵੀਰੂ ਸਿੰਘ, ਮਨਪ੍ਰੀਤ ਸਿੰਘ, ਵੀਰਾਂ ਸਿੰਘ, ਵਿਸਾਖਾ ਸਿੰਘ, ਰਾਜ ਕੁਮਾਰ, ਸੱਤਿਆਭਾਨ ਆਦਿ ਦਾ ਕਹਿਣਾ ਹੈ ਕਿ ਇਨ੍ਹਾਂ ਢੱਠਿਆਂ ਨੂੰ ਕਿਸੇ ਸ਼ਰਾਰਤੀ ਅਨਸਰ ਵੱਲੋਂ ਕੋਈ ਨਸ਼ੀਲਾ ਪਦਾਰਥ ਪਾਉਣ ਕਾਰਨ ਬੇਹੋਸ਼ ਹੋਏ ਲੋਡ ਦੀ ਫੇਟ ਲੱਗਣ ਕਾਰਨ ਮਰੇ ਹਨ, ਪਰ ਸਰਕਾਰ ਵੱਲੋਂ ਸਮੇਂ-ਸਮੇਂ ਤੇ ਲੋਕਾਂ ਤੋਂ ਗਊਸੈੱਸ ਲਿਆ ਜਾਂਦਾ ਹੈ, ਪਰ ਕੋਈ ਪ੍ਰਬੰਧ ਨਾ ਹੋਣ ਕਾਰਨ ਵੱਡੇ ਗਿਣਤੀ 'ਚ ਭੁੱਖੇ ਪਿਆਸਾ ਬੇਸਹਾਰਾ ਪਸ਼ੂ ਸੜਕਾਂ ਤੇ ਫਿਰ ਰਹੇ ਹਨ, ਜੋ ਹਾਦਸਿਆਂ ਨੂੰ ਸੱਦਾ ਦਿੰਦੇ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ 'ਚ ਭੇਜਣ ਦਾ ਪ੍ਰਬੰਧ ਕਰੇ। ਇਨ੍ਹਾਂ ਮਰੇ ਢੱਠਿਆਂ ਬਾਰੇ ਵੈਟਰਨਰੀ ਡਾਕਟਰ ਨੂੰ ਵੀ ਜਾਣੂ ਕਰਵਾਇਆ ਗਿਆ ਤਾਂ ਵੈਟਰਨਰੀ ਡਾਕਟਰ ਅਭੀਨੀਤ ਕੌਰ ਭੱਟੀ ਨੇ ਮੌਕੇ 'ਤੇ ਪਹੁੰਚ ਕੇ ਦੱਸਿਆ ਕਿ ਇਨ੍ਹਾਂ ਢੱਠਿਆਂ ਦੀ ਮੌਤ ਟਰੇਨ ਦੇ ਫੇਟ ਲੱਗਣ ਕਾਰਨ ਹੋਈ ਹੈ। ਉਨ੍ਹਾਂ ਦੱਸਿਆ ਕਿ ਮਰੇ ਹੋਏ ਤਿੰਨਾਂ ਢੱਠਿਆਂ ਨੂੰ ਟੋਆ ਪੁੱਟਵਾ ਕੇ ਦਫਨਾ ਦਿੱਤਾ ਤੇ ਜ਼ਖਮੀ ਹਾਲਤ ਢੱਠੇ ਨੂੰ ਗਊਸ਼ਾਲਾ 'ਚ ਭੇਜ ਕੇ ਇਲਾਜ ਸ਼ੁਰੂ ਕਰ ਦੱਤਾ ਹੈ।

ਦੁਕਾਨ 'ਚੋਂ ਲੱਖਾਂ ਰੁਪਏ ਦੇ ਟਾਇਰ ਚੋਰੀ

ਸਰਦੂਲਗੜ੍ਹ (ਅਵਤਾਰ ਜਟਾਣਾ)-ਸਥਾਨਕ ਸ਼ਹਿਰ ਦੀ ਸਿਰਸਾ-ਮਾਨਸਾ ਸੜਕ ਉੱਪਰ ਘੱਗਰ ਪੁਲ ਦੇ ਨਜ਼ਦੀਕ ਗਊਸ਼ਾਲਾ ਵਾਲੀਆਂ ਦੁਕਾਨਾਂ 'ਚ ਦੇਰ ਰਾਤ ਅਣਪਛਾਤੇ ਵਿਅਕਤੀਆ ਵੱਲੋਂ ਚੋਰੀ ਕਰ ਲਏ ਜਾਣ ਦੀ ਖਬਰ ਹੈ। ਦੁਕਾਨ ਦੇ ਮਾਲਕ ਭੀਸਮ ਜੈਨ ਨੇ ਦੱਸਿਆ ਕਿ ਦੇਰ ਰਾਤ ਉਨ੍ਹਾਂ ਦੀ ਸਨਮਤੀ ਟਾਇਰ ਸੇਲਜ਼ ਦੀ ਦੁਕਾਨ ਤੋਂ ਅਣਪਛਾਤੇ ਵਿਅਕਤੀਆਂ ਨੇ ਵੱਡੇ-ਛੋਟੇ 60 ਤੋਂ ਜ਼ਿਆਦਾ ਨਵੇਂ ਟਾਇਰ ਚੁਰਾ ਲਏ ਹਨ, ਜਿਸ ਦੀ ਕੀਮਤ 10 ਲੱਖ ਦੇ ਕਰੀਬ ਬਣਦੀ ਹੈ। ਇਸ ਸਬੰਧੀ ਉਨ੍ਹਾਂ ਪੁਲਸ ਥਾਣਾ ਸਰਦੂਲਗੜ੍ਹ ਵਿਖੇ ਆਪਣੀ ਦਰਖਾਸਤ ਦੇ ਕੇ ਬਣਦੀ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮਾਮਲੇ ਸੰਬੰਧੀ ਪੁਲਸ ਥਾਣਾ ਸਰਦੂਲਗੜ੍ਹ ਦੇ ਮੁਖੀ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਉਕਤ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਅੱਖਾਂ ਤੇ ਦੰਦਾਂ ਦਾ ਮੁਫ਼ਤ ਚੈੱਕਅੱਪ ਕੈਂਪ ਅੱਜ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਫਰੈਂਡਜ਼ ਕਾਲੋਨੀ ਵਿਖੇ ਐੱਸ.ਜੀ.ਬੀ. ਚੈਰੀਟੇਬਲ ਹਸਪਤਾਲ ਵਿਖੇ ਅੱਖਾਂ ਤੇ ਦੰਦਾਂ ਦਾ ਮੁਫ਼ਤ ਮੈਡੀਕਲ ਕੈਂਪ 9 ਅਪ੍ਰੈਲ ਨੂੰ ਲਗਾਇਆ ਜਾ ਰਿਹਾ ਹੈ। ਸਵਾਮੀ

9-APRIL-PAGE-1.qxd 4/8/2023 9:46 PM Page 2

ਦੋ ਦਰਜਨ ਟਕਸਾਲੀ ਕਾਂਗਰਸੀ ਪਰਵਾਰ ਭਾਜਪਾ 'ਚ ਸ਼ਾਮਲ

ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸਿੰਘ ਸੋਢੀ)-ਹਲਕਾ ਫ਼ਿਰੋਜ਼ਪੁਰ ਦਿਹਾਤੀ 'ਚ ਕਾਂਗਰਸ ਪਾਰਟੀ ਨੂੰ ਉਸ ਸਮੇ ਵੱਡਾ ਝਟਕਾ ਲੱਗਾ, ਜਦ ਰਾਣਾ ਗੁਰਮੀਤ ਸਿੰਘ ਸੋਢੀ ਮੈਂਬਰ ਕੌਰ ਕਮੇਟੀ ਭਾਜਪਾ ਦੀ ਹਾਜਰੀ ਵਿੱਚ ਮਾਰਕੀਟ ਕਮੇਟੀ ਮਮਦੋਟ ਦੇ ਸਾਬਕਾ ਚੇਅਰਮੈਨ ਤੇ ਬਲਾਕ ਪ੍ਰਧਾਨ ਰਵੀ ਦੱਤ ਚਾਵਲਾ ਸਮੇਤ ਦੋ ਦਰਜਨ ਦੇ ਕਰੀਬ ਟਕਸਾਲੀ ਕਾਂਗਰਸੀ ਪਰਵਾਰ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਭਾਜਪਾ 'ਚ ਸ਼ਾਮਲ ਹੋ ਗਏ। ਰਵੀ ਦੱਤ ਚਾਵਲਾ ਦੇ ਗ੍ਰਹਿ ਵਿਖੇ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਭਾਜਪਾ 'ਚ ਨਵੇਂ ਸ਼ਾਮਲ ਹੋਏ ਭੁਪਿੰਦਰ ਕੁਮਾਰ (ਕਾਲਾ ਨਰੂਲਾ), ਰਾਜਕੁਮਾਰ ਨਾਰੰਗ (ਪੰਜਾਬ ਫਰਨੀਚਰ ਹਾਊਸ), ਸੰਦੀਪ ਚਾਵਲਾ, ਸੁਨੀਲ ਚਾਵਲਾ, ਰਿੰਕੂ ਚਾਵਲਾ (ਚਾਵਲਾ ਫਰੂਟ ਕੰਪਨੀ) ਰਾਕੇਸ਼ ਧਵਨ ਪੁੱਤਰ ਜਗਿੰਦਰ ਪਾਲ ਧਵਨ, ਰਾਜ ਕੁਮਾਰ, ਸੁਖਦੇਵ ਸਿੰਘ ਸਾਹਨਕੇ, ਸਤਪਾਲ ਨਾਰੰਗ, ਕੁਲਵਿੰਦਰ ਸਿੰਘ, ਵਿਜੇ ਸ਼ਰਮਾ, ਸੋਨੂੰ ਚਾਵਲਾ, ਸੋਨੂੰ ਦੁਆ, ਚਿਮਪੁ ਚਾਵਲਾ (ਚਾਵਲਾ ਬੇਕਰੀ), ਪ੍ਰਮੋਦ ਕੁਮਾਰ (ਸ਼ੇਰੂ ਲੂਥਰਾ), ਰਾਜੀਵ ਗਾਬਾ, ਦਵਿੰਦਰ ਕਪੂਰ, ਮਹਿੰਦਰ ਪਾਲ ਟਿੱਬੀ ਕਲਾ ਸਮੇਤ ਨਵੇਂ ਭਾਜਪਾ ਵਿੱਚ ਸਾਮਲ ਹੋਣ ਜਾ ਰਹੇ ਪਰਿਵਾਰਾਂ ਦੇ ਮੁਖੀਆਂ ਨੂੰ ਰਾਣਾ ਗੁਰਮੀਤ ਸਿੰਘ ਸੋਢੀ ਵੱਲੋਂ ਭਾਜਪਾ ਵਿਚ ਜੀ ਆਇਆਂ ਆਖਦੇ ਹੋਏ ਸਰੋਪੇ ਭੇਟ ਕਰਕੇ ਸਨਮਾਨਤ ਕੀਤਾ ਗਿਆ। ਰਾਣਾ ਸੋਢੀ ਨੇ ਕਿਹਾ ਕਿ ਜਦ ਇਹ ਇਲਾਕਾ ਹਲਕਾ ਗੁਰੂਹਰਸਹਾਏ ਵਿੱਚ ਸੀ ਤੇ ਚਾਵਲਾ ਜੀ ਸਮੇਤ ਨਵੇਂ ਭਾਜਪਾ ਵਿੱਚ ਸ਼ਾਮਲ ਹੋਣ ਜਾ ਰਹੇ ਸਾਰੇ ਪਰਵਾਰ ਪਹਿਲਾਂ ਵੀ ਮੇਰੇ ਪਰਵਾਰ ਦਾ ਹਿੱਸਾ ਹੀ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਵਿੱਚ ਸਾਮਲ ਹੋਣ ਵਾਲੇ ਹਰੇਕ ਵਿਅਕਤੀ ਨੂੰ ਭਾਜਪਾ ਵਿਚ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ।

ਜੇ ਈ ਜਗਰਾਜ ਸਿੰਘ ਚੰਨਣਵਾਲ ਨੂੰ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ ਪਾਰਟੀ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਾਵਰਕਾਮ ਗਰਿੱਡ ਵਿਖੇ ਜੇ ਈ ਵਜੋਂ ਸੇਵਾਵਾਂ ਨਿਭਾਉਂਦੇ ਆ ਰਹੇ ਜੇ ਈ ਜਗਰਾਜ ਸਿੰਘ ਚੰਨਣਵਾਲ ਦੇ ਸੇਵਾਮੁਕਤ ਹੋਣ 'ਤੇ ਸਮੂਹ ਸਟਾਫ ਵੱਲੋਂ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ, ਸਮੂਹ ਸਟਾਫ ਵੱਲੋਂ ਜੇ ਈ ਜਗਰਾਜ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜੇਈ ਸੁਖਵਿੰਦਰ ਸਿੰਘ ਸੰਘੇੜਾ ਨੇ ਸਨਮਾਨ ਪੱਤਰ ਪੜ੍ਹਦਿਆਂ ਕਿਹਾ ਕਿ ਜੇਈ ਜਗਰਾਜ ਸਿੰਘ ਨੇ ਆਪਣੀਆਂ ਸੇਵਾਵਾਂ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਇਆ। ਇਸ ਮੌਕੇ ਜੇਈ ਗੁਰਲਾਭ ਸਿੰਘ, ਜਰਨੈਲ ਸਿੰਘ, ਏਟਕ ਆਗੂ ਦਵਿੰਦਰ ਸਿੰਘ, ਇੰਜ: ਬਲਜੀਤ ਸਿੰਘ ਛੀਨੀਵਾਲ, ਟੀ ਐੱਸ ਯੂ ਆਗੂ ਪ੍ਰਗਟ ਸਿੰਘ, ਐਸ ਡੀ ਓ ਜਸਵਿੰਦਰ ਸਿੰਘ ਨੇ ਵੀ ਵਿਚਾਰ ਰੱਖੇ।। ਇਸ ਮੌਕੇ ਜੇ ਈ ਬਲਰਾਜ ਸਿੰਘ ਮਹਿਲ ਖੁਰਦ, ਜੇਈ ਗੁਰਮੇਲ ਸਿੰਘ ਚੰਨਣਵਾਲ, ਸੁਖਵਿੰਦਰ ਸਿੰਘ, ਅਵਤਾਰ ਸਿੰਘ ਛੀਨੀਵਾਲ, ਜਗਦੀਪ ਸਿੰਘ, ਸੁਖਬੀਰ ਸਿੰਘ ਤੇ ਜਗਸੀਰ ਸਿੰਘ ਆਦਿ ਹਾਜ਼ਰ ਸਨ।

ਬਾਬਾ ਸਾਹਿਬ ਦਾ ਜਨਮ ਦਿਹਾੜਾ 16 ਨੂੰ ਮਨਾਇਆ ਜਾਵੇਗਾ : ਚੰਗਾਲ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਅੱਜ ਗੁਰਦੁਆਰਾ ਨਾਨਕੀਆਣਾ ਸਾਹਿਬ ਸੰਗਰੂਰ ਵਿਖੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਸੰਯੁਕਤ ਮੋਰਚੇ ਦੀ ਮੀਟਿੰਗ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਮਨਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੋਰਚੇ ਦੇ ਪ੍ਰਧਾਨ ਜਥੇਦਾਰ ਮਲਕੀਤ ਸਿੰਘ ਚੰਗਾਲ ਅਤੇ ਸੀਨੀਅਰ ਮੀਤ ਪ੍ਰਧਾਨ ਪਾਲੀ ਸਿੰਘ ਕਮਲ ਨੇ ਸਾਂਝੇ ਤੌਰ 'ਤੇ ਕਿਹਾ ਕਿ ਬਾਬਾ ਸਾਹਿਬ ਦੀ ਸੋਚ ਨੂੰ ਘਰ ਘਰ ਪਹੁੰਚਾਉਣ ਲਈ ਅਤੇ ਸਮਾਜ ਦੇ ਹਰ ਬੱਚੇ ਨੂੰ ਪੜ੍ਹਾਉਣ ਲਈ ਮੋਰਚਾ ਤਤਪਰ ਹੋ ਕੇ ਕੰਮ ਕਰੇਗਾ। ਉਨ੍ਹਾ ਅੱਗੇ ਕਿਹਾ ਕਿ ਬਾਬਾ ਸਾਹਿਬ ਦਾ ਜਨਮ ਦਿਹਾੜਾ ਸਾਡੇ ਸਮਾਜ ਲਈ ਦਿਵਾਲੀ ਜਾ ਦੁਸਹਿਰੇ ਤੋਂ ਵੀ ਵਧ ਕੇ ਹੈ। ਸਮਾਜ ਦੇ ਹਰ ਘਰ ਵਿੱਚ 14 ਅਪ੍ਰੈਲ ਵਾਲੇ ਦਿਨ ਦੀਪਮਾਲਾ ਹੋਣੀ ਚਾਹੀਦੀ ਹੈ ਤਾਂ ਜੋ ਪਤਾ ਲੱਗੇ ਕਿ ਬਾਬਾ ਸਾਹਿਬ ਦੀ ਫੁਲਵਾੜੀ ਪੜ੍ਹ ਲਿਖ ਗਈ ਹੈ। ਇਸ ਲਈ ਬਾਬਾ ਸਾਹਿਬ ਜੀ ਦਾ ਜਨਮ ਦਿਹਾੜਾ 16 ਅਪ੍ਰੈਲ ਦਿਨ ਐਤਵਾਰ ਨੂੰ ਬਾਬਾ ਹਿੰਮਤ ਸਿੰਘ ਧਰਮਸ਼ਾਲਾ ਸੰਗਰੂਰ ਵਿੱਚ 10 ਵਜੇ ਤੋਂ 2 ਵਜੇ ਤੱਕ ਹੈ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਮੋਰਚੇ ਦੇ ਖਜ਼ਾਨਚੀ ਵਰਿਆਮ ਸਿੰਘ ਚੰਦੜ ਬਲੇਸਾ, ਜਗਸੀਰ ਸਿੰਘ ਖੇੜੀ ਚੰਦਵਾ, ਪ੍ਰੈਸ ਸਕੱਤਰ ਸੁਖਚੈਨ ਸਿੰਘ ਸਾਰੋ, ਸਕੱਤਰ ਹਰਵਿੰਦਰ ਸਿੰਘ ਬਡਰੁੱਖਾਂ, ਮੈਂਬਰ ਅਮਿਤ ਕੁਮਾਰ ਗਰੀਬਾਂ, ਮੈਂਬਰ ਮਾਂਗੇ ਰਾਮ, ਮੈਂਬਰ ਬੀਬੀ ਸਰਬਜੀਤ ਕੌਰ ਧਾਲੀਵਾਲ, ਸਾਬਕਾ ਚੇਅਰਮੈਨ ਬਲਾਕ ਸੰਮਤੀ ਕੁਲਾਰਾਂ ਕਿਰਨਪਾਲ ਕੌਰ ਸੰਗਰੂਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ।

ਮਾਧਵੀ ਕਟਾਰੀਆ ਟਿੱਲਾ ਬਾਬਾ ਸ਼ੇਖ ਫਰੀਦ ਜੀ ਵਿਖੇ ਹੋਏ ਨਤਮਸਤਕ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਬਾਬਾ ਸ਼ੇਖ ਫਰੀਦ ਜੀ ਦੀ ਚਰਨਛੋਹ ਪ੍ਰਾਪਤ ਪਵਿੱਤਰ ਨਗਰੀ ਫਰੀਦਕੋਟ ਵਿਖੇ ਮਾਧਵੀ ਕਟਾਰੀਆ, ਆਈ ਏ ਐੱਸ, ਡਾਇਰੈਕਟਰ ਸੋਸ਼ਲ ਸਿਕਓਰਟੀ ਵਿਮੈੱਨ ਅਤੇ ਚਾਈਲਡ ਡਿਵੈਲਪਮੈਂਟ ਟਿੱਲਾ ਬਾਬਾ ਫਰੀਦ ਜੀ ਵਿਖੇ ਨਤਮਸਤਕ ਹੋਏ। ਕਮੇਟੀ ਵੱਲੋਂ ਉਨ੍ਹਾ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਬਾਬਾ ਫਰੀਦ ਧਾਰਮਕ ਅਤੇ ਵਿੱਦਿਅਕ ਸੰਸਥਾਵਾਂ, ਫਰੀਦਕੋਟ ਦੇ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਦੀ ਅਗਵਾਈ ਹੇਠ ਬਤੌਰ ਪ੍ਰਧਾਨ ਕੰਮ ਕਰ ਰਹੇ ਡਾ. ਗੁਰਇੰਦਰ ਮੋਹਨ ਸਿੰਘ ਨੇ ਮਾਧਵੀ ਕਟਾਰੀਆ ਨੂੰ ਸਿਰਪਾਉ ਪਾ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਦੇ ਡਾਇਰੈਕਟਰ ਸੋਸ਼ਲ ਸਿਕਓਰਟੀ ਵਿਮੈੱਨ ਅਤੇ ਚਾਈਲਡ ਡਿਵੈਲਪਮੈਂਟ ਵੱਜੋਂ ਚਾਰਜ ਸੰਭਾਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਆਮ ਜਨਤਾ ਨੂੰ ਉਨ੍ਹਾਂ ਦੀਆਂ ਵਡਮੁੱਲੀਆਂ ਅਤੇ ਸ਼ਾਨਦਾਰ ਸੇਵਾਵਾਂ ਦਾ ਬਹੁਤ ਲਾਭ ਮਿਲੇਗਾ। ਬਾਬਾ ਫਰੀਦ ਸੰਸਥਾਵਾਂ ਦੇ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਨੇ ਵੀ ਇਸ ਮੌਕੇ ਉਨ੍ਹਾ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਮਾਧਵੀ ਕਟਾਰੀਆ ਨੇ ਇੰਦਰਜੀਤ ਸਿੰਘ ਖਾਲਸਾ ਦਾ ਅਤੇ ਡਾ. ਗੁਰਇੰਦਰ ਮੋਹਨ ਸਿੰਘ ਦਾ ਵਿਸ਼ੇਸ਼ ਤੌਰ 'ਤੇ ਇਹ ਸਨਮਾਨ ਬਖਸ਼ਿਸ਼ ਕਰਨ ਲਈ ਧੰਨਵਾਦ ਕੀਤਾ।

ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਪੰਜਵੀਂ ਕਲਾਸ ਦਾ ਨਤੀਜਾ ਸ਼ਾਨਦਾਰ

ਮਹਿਲ ਕਲਾਂ (ਬਲਵਿੰਦਰ ਵਜੀਦਕੇ) ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ ਜ਼ਿਲ੍ਹਾ ਬਰਨਾਲਾ ਦਾ ਪੰਜਵੀਂ ਕਲਾਸ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਸ਼ਾਨਦਾਰ ਰਿਹਾ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ ਕਲਾਸ ਦੇ ਐਲਾਨੇ ਗਏ ਨਤੀਜਿਆਂ ਵਿੱਚੋਂ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਇਸ ਨਤੀਜੇ 'ਚ ਪ੍ਰਭਜੋਤ ਕੌਰ ਪੁੱਤਰੀ ਕੁਲਵਿੰਦਰ ਸਿੰਘ ਪਿੰਡ ਮਿੱਠੇਵਾਲ ਜ਼ਿਲ੍ਹਾ ਮਾਲੇਰਕੋਟਲਾ ਨੇ 500 ਅੰਕਾਂ 'ਚੋਂ 491(98.2%) ਅੰਕ ਪ੍ਰਾਪਤ ਕਰਕੇ ਪਹਿਲਾ, ਸਹਿਜਪ੍ਰੀਤ ਕੌਰ ਪੁੱਤਰੀ ਜਗਤਾਰ ਸਿੰਘ ਪਿੰਡ ਮਿੱਠੇਵਾਲ ਨੇ 487 (97.4%) ਅੰਕ ਪ੍ਰਾਪਤ ਕਰਕੇ ਦੂਜਾ ਅਤੇ ਏਕਮਜੋਤ ਕੌਰ ਪੁੱਤਰੀ ਪਿਆਰਾ ਸਿੰਘ ਪਿੰਡ ਪੰਡੋਰੀ ਨੇ 486 (97.2%) ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮਾਣਮੱਤੀ ਪ੍ਰਾਪਤੀ 'ਤੇ ਸੰਸਥਾ ਦੇ ਚੇਅਰਮੈਨ ਕੌਰ ਸਿੰਘ ਧਾਲੀਵਾਲ, ਐੱਮ ਡੀ ਸੁਖਵਿੰਦਰ ਕੌਰ ਧਾਲੀਵਾਲ, ਪ੍ਰਿੰਸੀਪਲ ਮੈਡਮ ਰੁਪਿੰਦਰ ਕੌਰ ਚੀਮਾ , ਵਾਇਸ ਪ੍ਰਿੰਸੀਪਲ ਪ੍ਰਦੀਪ ਸਿੰਘ, ਅਕਾਦਮਿਕ ਇੰਚਾਰਜ ਕੁਲਦੀਪ ਸਿੰਘ ਮੰਡ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

ਤਿੱਕਮ ਸਿੰਘ ਨੇਗੀ ਦੇ ਹੋਏ ਦੇਹਾਂਤ 'ਤੇ ਅਫ਼ਸੋਸ, ਪਰਵਾਰ ਨੂੰ 5 ਕਰੋੜ ਦੀ ਸਹਾਇਤਾ ਜਾਰੀ ਕੀਤੀ ਜਾਵੇ : ਮਾਨ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਆਈ ਟੀ ਬੀ ਪੀ ਦੇ ਲਦਾਖ 'ਚ ਸੇਵਾ ਨਿਭਾਅ ਰਹੇ ਉਤਰਾਖੰਡ ਦੇ ਅਸਿਸਟੈਂਟ ਕਮਾਂਡੈਂਟ ਤਿੱਕਮ ਸਿੰਘ ਨੇਗੀ ਆਪਣੀ ਡਿਊਟੀ ਨਿਭਾਉਂਦੇ ਹੋਏ ਲਦਾਖ 'ਚ ਅਕਾਲ ਚਲਾਣਾ ਕਰ ਗਏ। ਜਿਸ ਨਾਲ ਉਨ੍ਹਾਂ ਦੇ ਪਰਵਾਰਕ ਮੈਂਬਰਾਂ, ਸੰਬੰਧੀਆਂ, ਮਿੱਤਰਾਂ-ਦੋਸਤਾਂ ਨੂੰ ਇੱਕ ਨਾ ਪੂਰਾ ਹੋਣ ਵਾਲਾ ਅਸਹਿ ਘਾਟਾ ਪਿਆ ਹੈ। ਇਸ ਡੂੰਘੇ ਦੁੱਖ ਦੀ ਘੜੀ 'ਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪੀੜਤ ਪਰਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ 'ਚ ਵਿਛੜੀ ਨੇਕ ਆਤਮਾ ਦੀ ਸ਼ਾਂਤੀ ਲਈ ਜਿਥੇ ਅਰਦਾਸ ਕਰਦਾ ਹੈ, ਉਥੇ ਇਸ ਵੱਡੀ ਪੀੜਾ ਤੋਂ ਸਭਨਾਂ ਨੂੰ ਭਾਣੇ 'ਚ ਵਿਚਰਨ ਦੀ ਸ਼ਕਤੀ ਦੀ ਬਖਸ਼ਿਸ਼ ਕਰਨ ਦੀ ਅਰਜੋਈ ਵੀ ਕਰਦਾ ਹੈ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਤਿੱਕਮ ਸਿੰਘ ਨੇਗੀ ਦੇ ਪਰਵਾਰਕ ਮੈਂਬਰਾਂ ਨਾਲ ਆਤਮਿਕ ਤੌਰ 'ਤੇ ਦੁੱਖ ਸਾਂਝਾ ਕਰਦੇ ਹੋਏ ਅਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਨੇਗੀ ਪਰਵਾਰ ਨੂੰ ਸਰਕਾਰ ਵੱਲੋਂ ਫੌਰੀ 5 ਕਰੋੜ ਰੁਪਏ ਦੀ ਮਾਲੀ ਸਹਾਇਤਾ ਜਾਰੀ ਹੋਣੀ ਚਾਹੀਦੀ ਹੈ ਅਤੇ ਇਸ ਦੇ ਨਾਲ ਹੀ ਤਿੱਕਮ ਸਿੰਘ ਦੇ ਬੱਚਿਆਂ ਨੂੰ ਕਿਸੇ ਵੀ ਸੈਨਿਕ ਸਕੂਲ ਨਾਭਾ ਜਾਂ ਕਪੂਰਥਲਾ 'ਚ ਮੁਫਤ ਵਿੱਦਿਆ ਪ੍ਰਦਾਨ ਕਰਨ ਦਾ ਵੀ ਸਰਕਾਰ ਵੱਲੋਂ ਪ੍ਰਬੰਧ ਹੋਣਾ ਅਤਿ ਜ਼ਰੂਰੀ ਹੈ। ਤਿੱਕਮ ਸਿੰਘ ਨੇਗੀ ਲਦਾਖ ਦੇ ਸਥਾਨ 'ਤੇ ਆਪਣੀ ਡਿਊਟੀ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਪੰਜਾਬ ਐਂਡ ਚੰਡੀਗੜ੍ਹ ਜਨਰਲਿਸਟ ਯੂਨੀਅਨ ਜਲਾਲਾਬਾਦ ਦੀ ਚੋਣ

- ਪ੍ਰਧਾਨ ਕੁਲਦੀਪ ਬਰਾੜ ਤੇ ਸਕੱਤਰ ਹਰਪ੍ਰੀਤ ਸਿੰਘ ਮਹਿਮੀ ਬਣੇ
- ਪੱਤਰਕਾਰਾਂ ਦੇ ਹੱਕਾਂ ਦੀ ਰਾਖੀ ਲਈ ਯੂਨੀਅਨ ਹਮੇਸ਼ਾ ਤੱਤਪਰ : ਟੋਨੀ, ਢਾਬਾਂ

ਜਲਾਲਾਬਾਦ (ਜੀਤ ਕੁਮਾਰ)-ਪੰਜਾਬ ਐਂਡ ਚੰਡੀਗੜ੍ਹ ਜਨਰਲਿਸਟ ਯੂਨੀਅਨ ਜ਼ਿਲ੍ਹਾ ਫਾਜ਼ਿਲਕਾ ਦੀ ਮੀਟਿੰਗ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਟੋਨੀ ਛਾਬੜਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਲਾਲਾਬਾਦ ਦੇ ਅਹੁਦੇਦਾਰਾਂ ਦੀ ਚੋਣ ਕਰਵਾਉਣ ਲਈ ਬਤੌਰ ਆਬਜ਼ਰਵਰ ਜ਼ਿਲ੍ਹੇ ਦੇ ਮੀਤ ਪ੍ਰਧਾਨ ਪਰਮਜੀਤ ਢਾਬਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ, ਜਿਸ ਵਿੱਚ ਹਾਜ਼ਰ ਪੱਤਰਕਾਰਾਂ ਵੱਲੋਂ ਸਭ ਤੋਂ ਪਹਿਲਾਂ ਬੀਤੇ ਦਿਨੀਂ ਸੜਕ ਹਾਦਸੇ 'ਚ 3 ਅਧਿਆਪਕਾਂ ਤੇ 1 ਡਰਾਈਵਰ ਦੀ ਬੇਵਕਤੀ ਹੋਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ 2 ਮਿੰਟ ਦਾ ਮੌਨ ਧਾਰਨ ਕੀਤਾ ਤੇ ਪੰਜਾਬ ਸਰਕਾਰ ਪਾਸੋਂ ਮ੍ਰਿਤਕ ਅਧਿਆਪਕਾਂ ਤੇ ਡਰਾਇਵਰ ਦੇ ਪਰਿਵਾਰ ਦੇ ਇਕ-ਇਕ ਮੈਂਬਰ ਨੂੰ ਸਰਕਾਰੀ ਨੌਕਰੀ ਤੇ ਵਿੱਤੀ ਸਹਾਇਤਾ ਦੇਣ ਦੀ ਮੰਗ ਕੀਤੀ ਗਈ। ਇਸ ਦੇ ਬਾਅਦ ਸਰਬਸੰਮਤੀ ਨਾਲ ਜਲਾਲਾਬਾਦ ਦਾ ਪ੍ਰਧਾਨ ਕੁਲਦੀਪ ਸਿੰਘ ਬਰਾੜ, ਸਕੱਤਰ ਹਰਪ੍ਰੀਤ ਸਿੰਘ ਮਹਿਮੀ, ਮੀਤ ਪ੍ਰਧਾਨ ਕ੍ਰਮਵਾਰ ਅਰਵਿੰਦ ਤਨੇਜਾ, ਜਗਮੀਤ ਬਰਾੜ ਤੇ ਰਾਜਨਜੋਤ ਖੰਨਾ, ਮੀਤ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਤੇ ਹਨੀ ਕਟਾਰੀਆ, ਖਜ਼ਾਨਚੀ ਬਲਵਿੰਦਰ ਸਿੰਘ ਤੇ ਗਗਨ ਵਾਟਸ, ਚੇਅਰਮੈਨ ਹੈਪੀ ਕਾਠਪਾਲ, ਪ੍ਰੈੱਸ ਸਕੱਤਰ ਰਾਕੇਸ਼ ਉਪਨੇਜਾ, ਸਲਾਹਕਾਰ ਜੀਤ ਚੋਹਾਣਾ ਤੇ ਸੋਨੂੰ ਮਹੰਤ ਨੂੰ ਨਿਯੁਕਤ ਕੀਤਾ ਗਿਆ ਹੈ। ਸਰਪ੍ਰਸਤ ਦੇ ਤੌਰ 'ਤੇ ਸੀਨੀਅਰ ਪੱਤਰਕਾਰ ਸੁਰਿੰਦਰ ਗੋਇਲ ਤੇ ਅਸ਼ਵਨੀ ਕਾਠਪਾਲ ਨੂੰ ਜ਼ੁੰਮੇਵਾਰੀ ਦਿੱਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਟੋਨੀ ਛਾਬੜਾ ਤੇ ਪਰਮਜੀਤ ਢਾਬਾਂ ਨੇ ਕਿਹਾ ਕਿ ਯੂਨੀਅਨ ਨੇ ਪੱਤਰਕਾਰਾਂ ਦੀ ਭਲਾਈ ਲਈ ਹਮੇਸ਼ਾ ਪਹਿਲ ਦੇ ਆਧਾਰ 'ਤੇ ਕੰਮ ਕੀਤਾ ਹੈ। ਭਵਿੱਖ 'ਚ ਵੀ ਪੱਤਰਕਾਰਾਂ ਦੀ ਭਲਾਈ ਲਈ ਯੂਨੀਅਨ ਵੱਲੋਂ ਪਹਿਲ ਦੇ ਅਧਾਰ 'ਤੇ ਕੰਮ ਕੀਤੇ ਜਾਣਗੇ ਤੇ ਪੱਤਰਕਾਰ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਕੁਲਦੀਪ ਸਿੰਘ ਬਰਾੜ ਤੇ ਹੋਰਾਂ ਚੁਣੇ ਹੋਏ ਅਹੁਦੇਦਾਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਮਿਲੀ ਜ਼ੁੰਮੇਵਾਰੀ ਨੂੰ ਤਨਦੇਹੀ ਦੇ ਨਾਲ ਨ

9-April-PAGE-11-Majha-2023.qxd 4/8/2023 9:56 PM Page 1

ਭਲਕੇ ਤਜਵੀਜ਼ਤ ਟੋਲ ਪਲਾਜ਼ੇ ਵਿਰੁੱਧ ਹੋਵੇਗਾ ਵਿਸ਼ਾਲ ਮੁਜ਼ਾਹਰਾ ਤੇ ਚੱਕਾ ਜਾਮ

ਗੁਰਦਾਸਪੁਰ (ਜਨਕ ਮਹਾਜਨ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਸੰਘਰਸ਼ ਮੋਰਚਾ ਖਹਿਰਾ ਕੋਟਲੀ ਦੀ ਇਕ ਭਰਵੀਂ ਮੀਟਿੰਗ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਮੱਖਣ ਸਿੰਘ ਕੁਹਾੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਐੱਸ. ਡੀ. ਐੱਮ. ਅਮਨਦੀਪ ਕੌਰ ਘੁੰਮਣ ਦੇ ਸੱਦੇ 'ਤੇ ਉਨ੍ਹਾਂ ਨਾਲ ਟੋਲ ਪਲਾਜ਼ਾ ਦੇ ਸੰਘਰਸ਼ ਸਬੰਧੀ ਲੰਬੀ ਗੱਲਬਾਤ ਹੋਈ। ਗੱਲਬਾਤ ਦੇ ਸਿੱਟਿਆਂ ਬਾਰੇ ਅਤੇ ਅਗਲੀ ਰਣਨੀਤੀ ਘੜਨ ਬਾਰੇ ਗੁਰੂ ਨਾਨਕ ਪਾਰਕ ਵਿਖੇ ਇਕੱਤਰ ਹੋ ਕੇ ਵਿਚਾਰ ਕੀਤਾ ਗਿਆ। ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ 10 ਅਪ੍ਰੈਲ ਨੂੰ ਖਹਿਰਾ ਕੋਟਲੀ ਵਿਖੇ ਇਕੱਤਰ ਹੋ ਕੇ 12 ਤੋਂ 2 ਵਜੇ ਤੱਕ ਚੱਕਾ ਜਾਮ ਕੀਤਾ ਜਾਵੇਗਾ। ਇਸ ਮੌਕੇ ਗੁਲਜ਼ਾਰ ਸਿੰਘ, ਸੁਰਿੰਦਰ ਸਿੰਘ ਕੈਰੇ, ਸਤਬੀਰ ਸਿੰਘ ਮੁਲਤਾਨੀ, ਮਾ. ਸਰਦੂਲ ਸਿੰਘ ਕਲਾਨੌਰ, ਰਾਜਗੁਰਵਿੰਦਰ ਸਿੰਘ ਲਾਡੀ, ਸੁਖਦੇਵ ਸਿੰਘ ਭਾਗੋਕਾਵਾਂ, ਮਾ. ਅਸ਼ਵਨੀ ਕੁਮਾਰ, ਮੇਜਰ ਸਿੰਘ, ਲਖਵਿੰਦਰ ਸਿੰਘ, ਲਖਮੀਰ ਸਿੰਘ, ਅਜੀਤ ਸਿੰਘ, ਨਾਜ਼ਰ ਸਿੰਘ, ਗੁਰਮੁਖ ਸਿੰਘ, ਪਲਵਿੰਦਰ ਸਿੰਘ, ਕਪੂਰ ਸਿੰਘ, ਕੁਲਜੀਤ ਸਿੰਘ, ਬਲਜੀਤ ਸਿੰਘ, ਕੁਲਵਿੰਦਰ ਸਿੰਘ, ਜਰਨੈਲ ਸਿੰਘ, ਹਰਜੀਤ ਸਿੰਘ ਆਦਿ ਵੱਡੀ ਗਿਣਤੀ ਵਿਚ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ। ਉਨ੍ਹਾਂ ਕਿਸਾਨ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਉਹ ਬੇ-ਨਿਆਈਆਂ ਵਿਰੁੱਧ ਡਟ ਜਾਣ ਅਤੇ ਟੋਲ ਪਲਾਜ਼ਾ ਨੂੰ ਪੱਕੇ ਤੌਰ 'ਤੇ ਰੱਦ ਕਰਵਾਉਣ ਲਈ 10 ਅਪ੍ਰੈਲ ਨੂੰ 11 ਵਜੇ ਖਹਿਰਾ ਕੋਟਲੀ ਵਿਖੇ ਵੱਡੀ ਗਿਣਤੀ ਵਿਚ ਪਹੁੰਚਣ।

ਸਰਕਾਰ ਨੇ ਮੁਆਵਜ਼ਾ ਘੱਟ ਦੇ ਕੇ ਅੰਨਦਾਤੇ ਨਾਲ ਕੋਝਾ ਮਜ਼ਾਕ ਕੀਤੈ:ਮਾਣੋਚਾਹਲ, ਸ਼ਕਰੀ

ਤਰਨਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲਾ ਤਰਨਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਤੇ ਜਨਰਲ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਪ੍ਰੈੱਸ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਚ ਬੇਮੌਸਮੀ ਬਰਸਾਤ ਕਾਰਨ ਖਰਾਬ ਹੋਈ ਕਣਕ ਦੀ ਫਸਲ ਲਈ 11 ਕਰੋੜ 50 ਲੱਖ ਦਾ ਪੱਤਰ ਜਾਰੀ ਕੀਤਾ ਹੈ ਪਰ ਸਰਕਾਰ ਦੇ ਇਸ ਰਾਸ਼ੀ ਨਾਲ 23 ਜ਼ਿਲ੍ਹਿਆਂ ਦੇ ਹਿੱਸੇ 50 ਲੱਖ ਰੁਪਏ ਆਵੇਗਾ ਤੇ ਪੰਜਾਬ ਭਰ ਵਿਚ 12981 ਪਿੰਡ ਹਨ। ਹਰ ਪਿੰਡ ਦੇ ਹਿੱਸੇ 9140 ਰੁਪਏ ਆਉਣਗੇ। ਪੰਜਾਬ ਵਿੱਚ ਕਈ ਵੱਡੇ ਪਿੰਡਾਂ ਵਿਚ ਦਸ ਹਜ਼ਾਰ ਦੀ ਆਬਾਦੀ ਵੀ ਹੈ ਜਿਸ ਵਿੱਚ ਬਹੁਤਾਤ ਕਿਸਾਨਾਂ ਦੀ ਹੈ ਤਾਂ ਹਿਸਾਬ ਲਾਇਆ ਜਾਵੇ ਤਾਂ ਇਹ ਰਾਸ਼ੀ ਕਿਸਾਨਾਂ ਦੇ ਸ਼ੋਸ਼ਣ ਲਈ ਹੈ ਤੇ ਕਿਸਾਨਾਂ ਨਾਲ ਕੋਝਾ ਤੇ ਘਟੀਆ ਕਿਸਮ ਦਾ ਮਜ਼ਾਕ ਹੈ। ਕਣਕ ਦੇ ਖੇਤ 'ਤੇ ਬੀਜਣ ਤੋਂ ਲੈ ਕੇ ਵੱਢਣ ਤੱਕ 7 ਤੋਂ 10 ਰੁਪਏ ਖਰਚ ਆਉਂਦਾ ਹੈ। 9140 ਨਾਲ ਇਕ ਪਿੰਡ ਕੀ ਕਰੇਗਾ। ਕਿਸਾਨ ਆਗੂਆਂ ਨੇ ਮਾਨ ਸਰਕਾਰ ਤੇ ਵਰ੍ਹਦਿਆਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਦਿੱਲੀ ਦੇ ਕਿਸਾਨਾਂ ਦੀ ਉਦਾਹਰਨ ਦਿੱਤੀ ਜਾਂਦੀ ਸੀ। ਉਨ੍ਹਾਂ ਦੀ ਖਰਾਬ ਹੋਈ ਫਸਲ ਦਾ ਪੂਰਾ ਮੁਆਵਜ਼ਾ ਦਿੱਤਾ ਜਾਂਦਾ ਹੈ ਪਰ ਇੱਕ ਸਾਲ ਦੇ ਅੰਦਰ-ਅੰਦਰ ਮਾਨ ਸਰਕਾਰ ਦੀ ਫੂਕ ਨਿਕਲ ਗਈ ਹੈ। ਗਿਰਦਾਵਰੀ ਦੇ ਹੁਕਮ ਸਿਰਫ ਕਾਗਜ਼ਾਂ ਤਕ ਹੀ ਸੀਮਤ ਹਨ। ਇਕ ਇਕ ਪਟਵਾਰੀ ਨੂੰ 10-10 ਪਿੰਡ ਦਿੱਤੇ ਹੋਏ ਹਨ। ਕੁੱਲ ਮਿਲਾ ਕੇ ਅਜੇ ਤੱਕ ਵੀ ਪੂਰੀ ਖਰਾਬ ਹੋਈ ਫਸਲ ਦੀ ਗਿਰਦਾਵਰੀ ਕਰਨ ਲਈ ਪਿੰਡ ਤੱਕ ਕੋਈ ਵੀ ਅਧਿਕਾਰੀ ਨਹੀਂ ਪਹੁੰਚਿਆ। ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਛੇਤੀ ਤੋਂ ਛੇਤੀ ਕਣਕ ਦਾ ਮੁਆਵਜਾ ਪ੍ਰਤੀ ਏਕੜ 50 ਹਜ਼ਾਰ ਰੁਪਏ ਦਿੱਤਾ ਜਾਵੇ। 2021 ਵਿੱਚ ਬਾਸਮਤੀ ਤੇ ਹੋਈ ਗੜੇਮਾਰੀ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਦਿੱਤਾ ਜਾਵੇ। ਪਟਵਾਰ ਦੇ ਹਰ ਸਰਕਲ ਲਈ ਵੱਖਰਾ ਪਟਵਾਰੀ ਭਰਤੀ ਕੀਤਾ ਜਾਵੇ ਤੇ ਪੰਜਾਬ ਭਰ ਵਿਚ ਪਟਵਾਰੀਆਂ ਦੀਆਂ ਖਤਮ ਕੀਤੀਆਂ 5500 ਅਸਾਮੀਆਂ ਜਾਰੀ ਕੀਤੀਆਂ ਜਾਣ। ਖਰਾਬ ਫਸਲ ਕਾਰਨ ਸਾਰੀਆਂ ਸਰਕਾਰੀ ਤੇ ਨਿੱਜੀ ਬੈਂਕਾਂ ਦੀਆਂ ਲਿਮਟਾਂ ਦੇ ਛਿਮਾਹੀ ਵਿਆਜ ਮਾਨ ਸਰਕਾਰ ਵਾਅਦੇ ਅਨੁਸਾਰ ਮਾਫ ਕਰੇ।

ਭਾਜਪਾ ਪੰਜਾਬ ਦੇ ਹਾਲਾਤ ਵਿਗਾੜ ਕੇ ਸੰਸਦੀ ਚੋਣਾਂ ਜਿੱਤਣੀਆਂ ਚਾਹੁੰਦੀ : ਮਾੜੀਮੇਘਾ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਸੀਪੀਆਈ ਬਲਾਕ ਨੌਸ਼ਹਿਰਾ-ਚੋਹਲਾ ਸਾਹਿਬ ਦੀ ਜਨਰਲ ਬਾਡੀ ਮੀਟਿੰਗ ਗਦਰੀ ਦੇਸ਼ ਭਗਤ ਸੁੱਚਾ ਸਿੰਘ ਚੋਹਲਾ ਸਹਿਬ ਦੀ ਯਾਦ 'ਚ ਉਸਰੇ ਭਵਨ ਵਿੱਚ ਹੋਈ ਤੇ ਮੀਟਿੰਗ ਦੀ ਸਮਾਪਤੀ ਤੇ ਮਹਿੰਗਾਈ ਵਿਰੁੱਧ ਤੇ ਅਮਨ ਸ਼ਾਂਤੀ ਕਾਇਮ ਰੱਖਣ ਲਈ ਬਾਜ਼ਾਰ ਵਿੱਚ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਹਰਨਾਮ ਸਿੰਘ ਚੋਹਲਾ ਸਹਿਬ ਨੇ ਕੀਤੀ। ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪੰਜਾਬ ਦੇ ਹਾਲਾਤ ਵਿਗਾੜ ਕੇ 2024 ਦੀਆਂ ਪਾਰਲੀਮੈਂਟ ਚੋਣਾਂ ਜਿੱਤਣੀਆਂ ਚਾਹੁੰਦੀ ਹੈ। ਅਕਾਲੀ ਤੇ ਕਾਂਗਰਸ ਨੂੰ ਇਸ ਨੀਤੀ ਦੀ ਸਮਝ ਨਹੀਂ ਆ ਰਹੀ। ਇਸ ਦੇ ਉਲਟ ਇਹ ਰਵਾਇਤੀ ਪਾਰਟੀਆਂ ਬੀਜੇਪੀ ਦੀ ਇਸ ਨੀਤੀ ਨੂੰ ਆਪਣੇ ਹੱਕ ਵਿੱਚ ਵਰਤਣ ਦੀ ਚਾਲ ਚੱਲ ਰਹੀਆਂ ਹਨ ਜੋ ਪੰਜਾਬ ਲਈ ਖਤਰਨਾਕ ਹੈ। ਇਸ ਚਾਲ ਨਾਲ ਪੰਜਾਬ ਦੇ ਹਾਲਾਤ ਸਹੀ ਮਾਅਨਿਆਂ ਵਿੱਚ ਵਿਗੜ ਸਕਦੇ ਹਨ। ਜੇ ਹਾਲਾਤ ਹੁਣ ਵਿਗੜ ਗਏ ਫਿਰ ਸਾਂਭਣੇ ਮੁਸ਼ਕਲ ਹੋ ਜਾਣੇ ਤੇ ਲੁਕਾਈ ਦਾ ਨੁਕਸਾਨ ਬਹੁਤ ਹੋਵੇਗਾ। ਮੌਜੂਦਾ ਬੀਜੇਪੀ ਦੀ ਨੀਤੀ ਤੇ ਅਕਾਲੀ-ਕਾਂਗਰਸ ਦੀ ਚਾਲ ਨੂੰ ਠੱਲ੍ਹਣ ਵਾਸਤੇ ਜੁਆਨੀ ਦੇ ਰੁਜ਼ਗਾਰ, ਫਰੀ ਵਿੱਦਿਆ, ਹਰੇਕ ਲਈ ਘਰ ਤੇ ਮੁਫਤ ਸਿਹਤ ਸਹੂਲਤ ਲਈ ਸੰਘਰਸ਼ ਲਾਮਬੰਦ ਕਰਨਾ ਅਤੀ ਜ਼ਰੂਰੀ ਹੈ ਕਿਉਂਕਿ ਇਹ ਸਭ ਧਰਮਾਂ ਦੇ ਵਿਅਕਤੀਆਂ ਦੀ ਲੋੜ ਹੈ। ਇਨ੍ਹਾਂ ਲੋੜਾਂ ਦੀ ਪੂਰਤੀ ਦਾ ਸੰਘਰਸ਼ ਇਨ੍ਹਾਂ ਫਿਰਕੂ ਨੀਤੀਆਂ ਨੂੰ ਤੱਜ ਦੇਵੇਗਾ। ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਕਿਸਾਨਾਂ ਨੂੰ ਕਣਕ ਦੇ ਨੁਕਸਾਨ ਦਾ ਮੁਆਵਜ਼ਾ ਦੇਣਾ ਚੰਗਾ ਹੈ ਪਰ ਖੇਤ ਮਜ਼ਦੂਰਾਂ ਨੂੰ ਵੀ ਮੁਆਵਜ਼ਾ ਮਿਲਣਾ ਚਾਹੀਦਾ ਹੈ। ਖੇਤ ਮਜ਼ਦੂਰ ਕਿਸਾਨ ਦੇ ਸਿਰ ਤੇ ਹੀ ਗੁਜ਼ਾਰਾ ਕਰਦਾ ਹੈ। ਜੇ ਕਿਸਾਨ ਨਹੀਂ ਖੁਸ਼ ਤਾਂ ਉਹ ਮਜ਼ਦੂਰ ਨੂੰ ਕਿਸ ਤਰ੍ਹਾਂ ਖੁਸ਼ ਕਰ ਸਕਦਾ ਹੈ। ਦੂਜਾ ਮਤਾ ਪਾਸ ਕੀਤਾ ਕਿ ਅਮਨ ਕਾਇਮ ਰੱਖਣ ਲਈ ਗੈਂਗਾਂ ਨੂੰ ਨੱਥ ਪਾਉਣ ਦੀ ਬੜੀ ਜ਼ਰੂਰਤ ਹੈ। ਗੈਂਗ ਦਿਨ ਦਿਹਾੜੇ ਦਨਦਨਾਉਂਦੇ ਫਿਰਦੇ ਹਨ। ਤੀਜਾ ਮਤਾ ਪਾਸ ਕੀਤਾ ਕਿ ਬਾਰਡਰ ਤੋਂ ਅੰਦਰ ਵੱਲ ਨੂੰ 50 ਕਿਲੋਮੀਟਰ ਜੋ ਬੀਐੱਸਐੱਫ ਨੂੰ ਅਧਿਕਾਰ ਦਿੱਤੇ ਹਨ ਉਹ ਵਾਪਸ ਲਏ ਜਾਣ। ਇਸੇ ਤਰ੍ਹਾਂ ਸੈਂਟਰ ਸਰਕਾਰ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਤੇ ਚੰਡੀਗੜ੍ਹ ਵਿੱਚ ਪ੍ਰਸ਼ਾਸਨ ਦੇ ਅਧਿਕਾਰ ਜੋ ਪੰਜਾਬ ਨੂੰ ਪਹਿਲਾਂ ਮਿਲਦੇ ਸਨ ਉਹ ਬਹਾਲ ਕੀਤੇ ਜਾਣ। ਭਾਖੜਾ ਪ੍ਰੋਜੈਕਟ ਤੇ ਵੀ ਪੰਜਾਬ ਦੇ ਅਧਿਕਾਰ ਬਹਾਲ ਕੀਤੇ ਜਾਣ। ਇਸੇ ਤਰ੍ਹਾਂ ਪੰਜਾਬ ਦੇ ਪਾਣੀਆਂ ਦਾ ਮਸਲਾ ਹੱਲ ਕੀਤਾ ਜਾਵੇ। ਮੀਟਿੰਗ ਨੂੰ ਸੀਪੀਆਈ ਦੀ ਸੂਬਾਈ ਸਕੱਤਰੇਤ ਮੈਂਬਰ ਦੇਵੀ ਕੁਮਾਰੀ, ਸੀਪੀਆਈ ਨੌਸ਼ਹਿਰਾ ਚੋਹਲਾ ਬਲਾਕ ਦੇ ਸਕੱਤਰ ਬਲਵਿੰਦਰ ਸਿੰਘ ਦਦੇਹਰ ਸਾਹਿਬ, ਬਾਬਾ ਪਰਮਜੀਤ ਸਿੰਘ ਚੋਹਲਾ ਸਹਿਬ, ਸੇਵਾ ਸਿੰਘ ਤੇ ਹਰਦਿਆਲ ਸਿੰਘ ਫੌਜੀ, ਬੂਟਾ ਸਿੰਘ ਢੋਟੀਆਂ, ਰਜਿੰਦਰ ਸਿੰਘ ਚੋਹਲਾ ਸਹਿਬ, ਗੁਰਪਾਲ ਸਿੰਘ ਫੌਜੀ, ਅਵਤਾਰ ਸਿੰਘ ਤਰਕਸ਼ੀਲ ਅਤੇ ਬਲਵਿੰਦਰ ਸਿੰਘ ਬਿੱਲਿਆਂ ਵਾਲਾ ਨੇ ਵੀ ਵਿਚਾਰ ਰੱਖੇ।

ਹੋਲੀ ਹਾਰਟ ਸਕੂਲ ਢਾਂਗੂ ਰੋਡ ਨੂੰ 10000 ਰੁਪਏ ਜੁਰਮਾਨਾ

10 ਤੱਕ ਆਪਣਾ ਪੱਖ ਰੱਖਣ ਦਾ ਦਿੱਤਾ ਆਖਰੀ ਮੌਕਾ

ਪਠਾਨਕੋਟ (ਬਲਵਿੰਦਰ ਸਿੰਘ ਬਿੱਲਾ)-ਹਰ ਪ੍ਰਾਈਵੇਟ ਸਕੂਲ, ਚਾਹੇ ਉਹ ਕਿਸੇ ਵੀ ਬੋਰਡ ਨਾਲ ਸਬੰਧਿਤ ਹੋਵੇ ਨੂੰ ਮਾਨਤਾ ਲੈਣਾ ਜ਼ਰੂਰੀ ਹੈ। ਇਸ ਲਈ ਜ਼ਿਲ੍ਹਾ ਪਠਾਨਕੋਟ ਵਿੱਚ ਚੱਲ ਰਹੇ ਪ੍ਰਾਈਵੇਟ ਸਕੂਲ ਹੋਲੀ ਹਾਰਟ ਸਕੂਲ ਢਾਂਗੂ ਰੋਡ ਪਠਾਨਕੋਟ ਵੱਲੋਂ 31 ਮਾਰਚ ਤੱਕ ਆਰਟੀਈ ਐਕਟ ਤਹਿਤ ਮਾਨਤਾ ਲਈ ਆਨਲਾਈਨ ਅਪਲਾਈ ਨਾ ਕਰਨ ਤੇ 10000 ਰੁਪਏ ਦਾ ਜੁਰਮਾਨਾ ਸਿੱਖਿਆ ਵਿਭਾਗ ਵੱਲੋਂ ਕੀਤਾ ਗਿਆ ਹੈ ਅਤੇ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਆਪਣੀ ਮਾਨਤਾ ਗੀਨਿਊ ਨਾ ਕਰਵਾਉਣ ਦਾ ਕਾਰਨ ਦੱਸਣ ਲਈ ਆਪਣਾ ਪੱਖ ਪੇਸ਼ ਕਰਨ ਵਾਸਤੇ ਮਿਤੀ 10 ਅਪ੍ਰੈਲ 2023 ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਵੱਲੋਂ ਕੀਤਾ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਨੇ ਦੱਸਿਆ ਕਿ ਮੁੱਖ ਦਫਤਰ ਵੱਲੋਂ ਜਾਰੀ ਪੱਤਰ ਅਨੁਸਾਰ ਪ੍ਰਾਈਵੇਟ ਸਕੂਲਾਂ ਵੱਲੋਂ ਮਾਨਤਾ ਪ੍ਰਾਪਤ ਕਰਨ ਲਈ ਸਿਰਫ ਵਿਭਾਗ ਦੇ ਪੋਰਟਲ ਤੇ ਹੀ ਆਨਲਾਈਨ ਅਪਲਾਈ ਕੀਤਾ ਜਾਣਾ ਸੀ ਪਰ ਹੋਲੀ ਹਾਰਟ ਸਕੂਲ ਢਾਂਗੂ ਰੋਡ ਪਠਾਨਕੋਟ ਵੱਲੋਂ ਮਿਤੀ 31 ਮਾਰਚ ਤੱਕ ਮਾਨਤਾ ਲਈ ਵਿਭਾਗ ਤੇ ਪੋਰਟਲ ਤੇ ਅਪਲਾਈ ਨਹੀਂ ਕੀਤਾ ਗਿਆ। ਮਾਣਯੋਗ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਮਾਮਲਾ ਲਿਆਉਣ ਤੇ ਉਨ੍ਹਾਂ ਵੱਲੋਂ 10000 ਰੁਪਏ ਦੇ ਜੁਰਮਾਨੇ ਨਾਲ ਹੋਲੀ ਹਾਰਟ ਸਕੂਲ ਢਾਂਗੂ ਰੋਡ ਪਠਾਨਕੋਟ ਨੂੰ ਮਾਨਤਾ ਪ੍ਰਾਪਤ ਨਾ ਕਰਨ ਦਾ ਕਾਰਨ ਦੱਸਣ ਲਈ ਮਿਤੀ 10 ਅਪ੍ਰੈਲ ਤੱਕ ਸਮਾਂ ਦੇਣ ਦੇ ਨਿਰਦੇਸ਼ ਪ੍ਰਾਪਤ ਹੋਏ ਹਨ। ਇਸ ਲਈ ਹੋਲੀ ਹਾਰਟ ਸਕੂਲ ਢਾਂਗੂ ਰੋਡ ਪਠਾਨਕੋਟ ਨੂੰ ਇੱਕ ਆਖਰੀ ਮੌਕਾ ਆਪਣਾ ਪੱਖ ਪੇਸ਼ ਕਰਨ ਦਾ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਸਬੰਧਤ ਸਕੂਲ ਤੇ ਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੁੱਖ ਦਫਤਰ ਨੂੰ ਲਿਖ ਕੇ ਭੇਜ ਦਿੱਤਾ ਜਾਵੇਗਾ।

ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਨੇ ਦੱਸਿਆ ਕਿ ਪ੍ਰਾਈਵੇਟ ਸਕੂਲਾਂ ਨੂੰ ਮਾਨਤਾ ਪ੍ਰਾਪਤ ਕਰਨ ਲਈ ਫਾਰਮ ਨੰਬਰ -1, ਸਵੈ ਘੋਸਣਾ ਪੱਤਰ ਅੰਗਰੇਜ਼ੀ ਅਤੇ ਪੰਜਾਬੀ ਦੋਵਾਂ ਵਿੱਚ ਬਿਲਡਿੰਗ ਸੇਫਟੀ ਸਰਟੀਫਿਕੇਟ, ਫਾਇਰ ਸੇਫਟੀ ਸਰਟੀਫਿਕੇਟ, ਸੋਸਾਇਟੀ ਸਰਟੀਫਿਕੇਟ, ਟਰਾਂਸਪੋਰਟ ਐਫਏਡਬਏਵਟ, ਪਟਾਨਮਾ 30 ਸਾਲਾ ਸਕੂਲ ਦੇ ਨਾਮ ਅਤੇ ਤਹਿਸੀਲਦਾਰ ਤੋਂ ਰਜਿਸਟਰਡ, ਸਕੂਲ ਮੈਪ, ਵਾਟਰ ਸੇਫਟੀ ਸਰਟੀਫਿਕੇਟ, ਸੋਸਾਇਟੀ ਰਿਕਮੈਂਡੇਸ਼ਨ ਅਤੇ ਪਿਛਲੇ ਤਿੰਨ ਸਾਲਾਂ ਦੀ ਬੈਲੇਂਸ ਸ਼ੀਟ ਪੇਸ਼ ਕਰਨੀ ਜ਼ਰੂਰੀ ਹੈ।

ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਨੇ ਕੱਢਿਆ ਵਿਸ਼ਾਲ ਸ਼ਾਂਤੀ ਮਾਰਚ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਅਤੇ ਸ੍ਰੀ ਕਰਤਾਰਪੁਰ ਸਾਹਿਬ ਸੰਘਰਸ਼ ਕਮੇਟੀ ਵੱਲੋਂ ਆਪਣੀਆਂ ਸਹਿਯੋਗੀ ਜਥੇਬੰਦੀਆਂ ਕਿਰਤੀ ਕਿਸਾਨ ਯੂਨੀਅਨ ਪੰਜਾਬ, ਕੁੱਲ ਹਿੰਦ ਕਿਸਾਨ ਸਭਾ, ਪੰਜਾਬ ਕਿਸਾਨ ਯੂਨੀਅਨ, ਇਲਾਕੇ ਦੇ ਸਕੂਲਾਂ ਅਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪਾਕਿਸਤਾਨ ਸਥਿਤ ਪਵਿੱਤਰ ਸਥਾਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਡੇਰਾ ਬਾਬਾ ਨਾਨਕ ਕਾਰੀਡੋਰ ਰਾਹੀਂ ਸੰਗਤਾਂ ਨੂੰ ਦਰਸ਼ਨ ਦੀਦਾਰ ਕਰਨ ਸਬੰਧੀ ਆਉਂਦੀਆ ਕਠਿਨਾਈਆਂ ਦੇ ਮੱਦੇਨਜ਼ਰ ਪਾਸਪੋਰਟ ਦੀ ਸ਼ਰਤ ਖਤਮ ਕਰਨ, 20 ਡਾਲਰ ਦੀ ਫੀਸ ਖਤਮ ਕਰਨ, ਭਾਰਤ-ਪਾਕਿਸਤਾਨ ਦਰਮਿਆਨ ਵਪਾਰ ਸ਼ੁਰੂ ਕਰਨ ਅਤੇ ਔਖੀ ਆਨਲਾਈਨ ਬੁਕਿੰਗ ਪ੍ਰਕਿਰਿਆ ਖਤਮ ਕਰਨ ਲਈ ਪੰਜਾਬ ਤੇ ਕੇਂਦਰ ਸਰਕਾਰ ਅੱਗੇ ਆਵਾਜ਼ ਬੁਲੰਦ ਕਰਨ ਲਈ 6-4-2023 ਨੂੰ ਸ੍ਰੀ ਕਰਤਾਰਪੁਰ ਸਾਹਿਬ ਦਰਸ਼ਨ ਸਥਲ ਕੋਰੀਡੋਰ ਤੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੱਕ ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ, ਵਿਜੈ ਕੁਮਾਰ ਸੋਨੀ, ਹਰਬੀਰ ਸਿੰਘ ਬਬਲੂ ਸਿੰਧੀ ਰਮਦਾਸ ਦੀ ਅਗਵਾਈ ਹੇਠ ਇਕ ਵਿਸ਼ਾਲ ਸ਼ਾਂਤੀ-ਮਾਰਚ ਕੱਢਿਆ ਗਿਆ। ਇਸ ਮਾਰਚ ਵਿੱਚ ਧਨਵੰਤ ਸਿੰਘ ਖਤਰਾਏ ਕਲਾਂ ਸੂਬਾਈ ਆਗੂ ਕਿਰਤੀ ਕਿਸਾਨ ਪੰਜਾਬ, ਵਿਜੇ ਕੁਮਾਰ ਸੋਨੀ ਪ੍ਰਧਾਨ ਅਤੇ ਮੀਤ ਪ੍ਰਧਾਨ ਹਰਬੀਰ ਸਿੰਘ ਬਬਲੂ ਸਿੰਧੀ ਰਮਦਾਸ ਸ੍ਰੀ ਕਰਤਾਰਪੁਰ ਸਾਹਿਬ ਸੰਘਰਸ਼ ਕਮੇਟੀ ਨੇ ਪ੍ਰਮੁੱਖ ਭੂਮਿਕਾ ਨਿਭਾਈ। ਮਾਰਚ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਅਤੇ ਵੱਖ ਵੱਖ ਸਕੂਲ ਦਸ਼ਮੇਸ਼

9-April-PAGE-12.qxd 4/8/2023 9:55 PM Page 1

ਸੰਨ੍ਹ ਲਾ ਕੇ ਲੱਖਾਂ ਦੀ ਚੋਰੀ ਕਰਨ ਵਾਲੇ ਪੁਲਸ ਅੜਿੱਕੇ

ਕੁਰਾਲੀ (ਮੋਹਨ ਅੱਗਰਵਾਲ ਜੋਗਾ)- ਸਥਾਨਕ ਈਕੋ ਸਿਟੀ ਵਿਖੇ ਇੱਕ ਘਰ 'ਚੋਂ ਰਾਤ ਵੇਲੇ ਸੰਨ੍ਹ ਲਾ ਕੇ ਲੱਖਾਂ ਰੁਪਏ ਦੀ ਨਕਦੀ ਚੋਰੀ ਦੇ ਮਾਮਲੇ ਵਿੱਚ ਪੁਲਸ ਨੇ ਦੋ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰੈਸ ਕਾਨਫਰੰਸ ਦੌਰਾਨ ਡੀ ਐਸ ਪੀ ਧਰਮਵੀਰ ਸਿੰਘ ਤੇ ਐਸ ਐਚ ਓ ਸਤਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਈਕੋ ਸਿਟੀ ਨਿਵਾਸੀ ਅਜੇ ਕੁਮਾਰ ਨੇ ਪੁਲਸ ਕੋਲ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਸੀ ਕਿ ਜਦੋਂ ਮੈਂ ਤੇ ਮੇਰਾ ਪਰਿਵਾਰ ਖਰੜ ਵਿਖੇ ਇੱਕ ਵਿਆਹ ਪਾਰਟੀ ਵਿੱਚ ਸ਼ਾਮਲ ਹੋਣ ਗਏ ਤਾਂ ਪਿਛੋਂ ਸੁੰਨੇ ਘਰ ਵਿੱਚ ਚੋਰਾਂ ਨੇ ਨਕਦੀ ਚੋਰੀ ਕਰ ਲਈ। ਵਾਪਸੀ ਉਪਰੰਤ ਵੇਖਿਆ ਤਾਂ ਸਮਾਨ ਖਿਲਰਿਆ ਪਿਆ ਸੀ ਤੇ ਘਰ ਤੋਂ ਕੈਸ਼ ਗਾਇਬ ਸੀ। ਥਾਣਾ ਮੁੱਲਾਪੁਰ ਗਰੀਬਦਾਸ ਪੁਲਸ ਨੇ ਨਾਮਾਲੂਮ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਜਾਂਚ ਅਧਿਕਾਰੀ ਐਸ.ਆਈ ਦਲਵਿੰਦਰ ਸਿੰਘ ਕੋਲ ਸ਼ਿਕਾਇਤ ਕਰਤਾ ਅਜੇ ਕੁਮਾਰ ਨੇ ਸ਼ੱਕ ਦੇ ਆਧਾਰ 'ਤੇ ਆਪਣੇ ਡਰਾਈਵਰ ਗੁਰਦੀਪ ਸਿੰਘ ਉਰਫ ਦੀਪੂ ਵਾਸੀ ਮੁੱਲਾਂਪੁਰ ਦਾ ਨਾਂਅ ਦਸਿਆ, ਜੋ ਉਸ ਕੋਲ ਪਿਛਲੇ ਚਾਰ ਪੰਜ ਸਾਲ ਤੋਂ ਡਰਾਈਵਰੀ ਕਰ ਰਿਹਾ ਸੀ, ਜਿਸਨੂੰ ਇਹ ਵੀ ਪਤਾ ਸੀ ਕਿ ਬੇਟੇ ਦੇ ਵਿਆਹ ਲਈ 21/22 ਲੱਖ ਨਕਦੀ ਅਜੇ ਕੁਮਾਰ ਦੇ ਘਰ ਪਈ ਹੈ। ਕਥਿਤ ਦੋਸ਼ੀ ਤੋਂ ਪੁੱਛ ਪੜਤਾਲ ਦੌਰਾਨ ਖੁਲਾਸਾ ਹੋਇਆ ਕਿ ਉਸਨੇ ਚੋਰੀ ਕਰਨ ਲਈ ਆਪਣੇ ਨਾਲ ਪ੍ਰਵਾਸੀ ਪਰਵਾਰ ਦੇ ਰੁਸਤਮ ਨਾਂਅ ਨਬਾਲਿਗ ਨੂੰ ਆਪਣੇ ਨਾਲ ਦੇ ਕੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ। ਰੁਸਤਮ ਦੀ ਮਾਤਾ ਵੀ ਕੁਝ ਸਾਲਾਂ ਤੋਂ ਅਜੇ ਕੁਮਾਰ ਦੇ ਘਰ ਘਰੇਲੂ ਕੰਮ ਕਰਦੀ ਸੀ। ਰੁਸਤਮ ਉਸ ਦੇ ਨਾਲ ਘਰ ਵਿਚ ਜਾਂਦਾ ਸੀ ਜਿਸ ਨੂੰ ਵੀ ਘਰ ਬਾਰੇ ਜਾਣਕਾਰੀ ਸੀ। ਕਥਿਤ ਦੋਸ਼ੀ ਪਰਵਾਰ ਨੂੰ ਵਿਆਹ ਵਿੱਚ ਛੱਡ ਕੇ ਵਾਪਸ ਈਕੋ ਸਿਟੀ ਆ ਗਿਆ ਸੀ, ਜਿਥੇ ਰੁਸਤਮ ਪਹਿਲਾਂ ਹੀ ਮੌਜੂਦ ਸੀ। ਕਰੀਬ 20 ਲੱਖ ਰੁਪਏ ਚੋਰੀ ਕਰ ਲਏ ਤੇ ਇਸ ਰਕਮ ਵਿਚੋਂ ਇਕ ਲਖ ਰੁਪਏ ਰੁਸਤਮ ਨੂੰ ਦਿੱਤੇ ਤੇ ਬਾਕੀ ਬਚਦੀ ਰਕਮ ਕਥਿਤ ਦੋਸ਼ੀ ਡਰਾਇਵਰ ਗੁਰਦੀਪ ਸਿੰਘ ਨੇ ਆਪਣੇ ਪਾਸ ਲੁਕੋ ਕੇ ਬਰੀਜਾ ਕਾਰ ਲੈ ਕੇ ਖਰੜ ਚਲਾ ਗਿਆ ਸੀ ਅਤੇ ਅਜੇ ਕੁਮਾਰ ਦੀ ਪਤਨੀ ਤੇ ਨੂੰਹ ਨੂੰ ਲੈ ਕੇ ਵਾਪਸ ਆ ਗਿਆ। ਤਫਤੀਸ਼ ਦੌਰਾਨ ਗੁਰਦੀਪ ਸਿੰਘ ਪਾਸੋਂ ਕਰੀਬ 18 ਲੱਖ ਰੁਪਏ ਕੈਸ਼ ਪੁਲਸ ਨੇ ਇਸ ਦੇ ਡੰਗਰਾਂ ਵਾਲੇ ਘਰ ਤੋਂ ਬਰਾਮਦ ਕੀਤਾ ਹੈ। ਮੁਕੱਦਮਾ ਵਿਚ ਦੋਸ਼ੀ ਦੀ ਪੁੱਛਗਿਛ ਅਤੇ ਕੈਸ਼ ਬਰਾਮਦ ਹੋਣ ਕਾਰਨ ਜੁਰਮ 381, 411, 34 ਆਈ.ਪੀ.ਸੀ ਦਾ ਵਾਧਾ ਕਰਦਿਆਂ ਰੁਸਤਮ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਦੋਵਾਂ ਨੂੰ ਗ੍ਰਿਫਤਾਰ ਕਰਕੇ ਗੁਰਦੀਪ ਕੋਲੋਂ 18 ਲੱਖ ਰੁਪਏ ਤੇ ਨਬਾਲਿਗ ਰੁਸਤਮ ਕੋਲੋਂ ਕਰੀਬ 63 ਹਜਾਰ ਰੁਪਏ ਬਰਾਮਦ ਕੀਤੇ ਗਏ, ਬਾਕੀ ਰਕਮ ਰੁਸਤਮ ਤੇ ਗੁਰਦੀਪ ਨੇ ਮਿਲ ਕੇ ਖਰਚ ਕਰ ਲਈ ਹੈ। ਕਥਿਤ ਦੋਸ਼ੀ ਗੁਰਦੀਪ ਸਿੰਘ ਦਾ 10 ਅਪ੍ਰੈਲ ਤਕ ਪੁਲਸ ਰਿਮਾਂਡ ਹੈ ਜਦੋਂ ਕਿ ਰੁਸਤਮ ਨੂੰ ਨਾਬਾਲਗ ਹੋਣ ਕਾਰਨ ਪ੍ਰਿੰਸੀਪਲ ਜੱਜ ਜੇ ਜੇ ਬੋਰਡ ਮੋਹਾਲੀ ਵਿਖੇ ਪੇਸ਼ ਕੀਤਾ ਜਾ ਰਿਹਾ ਹੈ। ਐਸ ਐਚ ਓ ਅਨੁਸਾਰ ਕਥਿਤ ਦੋਸ਼ੀਆਂ ਕੋਲੋਂ ਪੁੱਛਗਿੱਛ ਦੌਰਾਨ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

21 ਦੇਸ਼ਾਂ ਦੇ ਸ਼ਰਧਾਲੂਆਂ ਨੇ ਜੱਥੇ ਸਮੇਤ ਕੀਤੇ ਪਵਿੱਤਰ ਵੇਈਂ ਦੇ ਦਰਸ਼ਨ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ, ਹਨੀ) -21 ਦੇਸ਼ਾਂ ਦੇ ਕਰੀਬ 100 ਸ਼ਰਧਾਲੂਆਂ ਦਾ ਜੱਥਾ ਪਵਿੱਤਰ ਵੇਈਂ ਦੇ ਦਰਸ਼ਨਾਂ ਲਈ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਪੁੱਜਾ। ਜੱਥੇ ਦੀ ਅਗਵਾਈ ਕਰ ਰਹੇ ਯੋਗੀ ਅਮਨਦੀਪ ਸਿੰਘ ਨੇ ਦੱਸਿਆ ਕਿ ਉਹ ਵਿਸ਼ਵ ਪੱਧਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਤੇ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ ਤੇ ਗੁਰਬਾਣੀ ਰਾਹੀਂ ਯੋਗ ਸਾਧਨਾ ਸਿਖਾ ਰਹੇ ਹਨ। ਉਹਨਾਂ ਦੱਸਿਆ ਕਿ ਹਰ ਸਾਲ ਵੱਖ ਵੱਖ ਦੇਸ਼ ਦੇ ਲੋਕਾਂ ਨੂੰ ਇੱਕਠਾ ਕਰਕੇ ਭਾਰਤ ਦਾ ਦੌਰਾ ਕੀਤਾ ਜਾਂਦਾ ਹੈ। ਇਸ ਵਾਰ ਉਹ ਜੱਥੇ ਸਮੇਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਪਵਿੱਤਰ ਵੇਈਂ ਦੇ ਦਰਸ਼ਨਾਂ ਲਈ ਸੁਲਤਾਨਪੁਰ ਲੋਧੀ ਆਏ ਹਨ। ਜਿੱਥੇ ਉਹਨਾਂ ਵੱਲੋਂ ਵਾਤਾਵਰਣ ਪ੍ਰੇਮੀ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਜੱਥੇ ਦਾ ਸਵਾਗਤ ਕਰਦਿਆ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਇਹ ਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਸਥਾਨ ਹੈ ਤੇ ਜਿੱਥੇ ਉਹਨਾਂ ਆਪਣੇ ਜੀਵਨ ਦਾ ਲੰਬਾ ਸਮਾਂ ਬਤੀਤ ਕੀਤਾ ਸੀ। ਉਹਨਾਂ ਆਏ ਜੱਥੇ ਨੂੰ ਸੰਬੋਧਨ ਹੁੰਦਿਆ ਦੱਸਿਆ ਕਿ ਜਿਸ ਵੇਈਂ ਦੇ ਦਰਸ਼ਨਾਂ ਲਈ ਉਹ ਆਏ ਹਨ ਉਹ ਵੀ ਬਾਕੀ ਕੁਦਰਤੀ ਸਰੋਤਾਂ ਵਾਂਗ ਪ੍ਰਦੂਸ਼ਿਤ ਹੋ ਚੁੱਕੀ ਸੀ। ਜਿਸਨੂੰ ਮੁੜ ਸੁਰਜੀਤ ਕਰਨ ਲਈ ਸੰਗਤਾਂ ਵੱਲੋਂ ਦਿਨ ਰਾਤ ਕਾਰਸੇਵਾ ਕੀਤੀ ਗਈ। ਜਿਸ ਬਾਰੇ ਜੱਥੇ ਨੂੰ ਵੇਈਂ ਦੀ ਕਾਰਸੇਵਾ ਤੇ ਬਣੀ ਗਈ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ। ਸੰਤ ਸੀਚੇਵਾਲ ਨੇ ਉਹਨਾਂ ਨੂੰ ਦੱਸਿਆ ਕਿ ਲੋਕਾਂ ਨੂੰ ਦਿੱਤੇ ਇੱਕ ਬਦਲ ਨਾਲ ਜਿਹੜੇ ਗੰਦੇ ਪਾਣੀਆਂ ਨੇ ਇਸ ਵੇਈਂ ਨੂੰ ਪ੍ਰਦੂਸ਼ਿਤ ਕੀਤਾ ਸੀ ਉਹੀ ਪਾਣੀ ਅੱਜ ਟਰੀਟ ਕਰਨ ਨਾਲ ਜਿੱਥੇ ਉਹ ਖੇਤਾਂ ਵਿਚ ਖੁਸ਼ਹਾਲੀ ਤੇ ਹਰਿਆਲੀ ਵੰਡ ਰਹੇ ਹਨ ਉੱਥੇ ਹੀ ਵੇਈਂ ਵਿਚ ਪਾਣੀ ਲਗਾਤਾਰ ਵਗਦਾ ਰਹਿਣ ਨਾਲ ਧਰਤੀ ਹੇਠਲਾ ਪਾਣੀ ਵੀ ਉਪਰ ਆ ਰਿਹਾ ਹੈ। ਆਏ ਜੱਥੇ ਨੂੰ ਕਿਰਤ ਕਰੋ ਨਾਮ ਜਪੋ ਤੇ ਵੰਡ ਛਕੋ ਦੇ ਸਿਧਾਤਾਂ ਨੂੰ ਜੀਵਨ ਵਿੱਚ ਅਪਣਾਉਣ ਤੇ ਗੁਰਬਾਣੀ ਅਨੁਸਾਰ ਹਵਾ ਨੂੰ ਗੁਰੂ ਦਾ, ਪਾਣੀ ਨੂੰ ਪਿਤਾ ਦਾ ਤੇ ਧਰਤੀ ਨੂੰ ਮਾਤਾ ਦਾ ਦਰਜ਼ਾ ਦੇਣ ਲਈ ਪ੍ਰੇਰਿਤ ਕੀਤਾ ਗਿਆ। ਯੋਗੀ ਅਮਨਦੀਪ ਨੇ ਸ਼ਬਦ ਕੀਰਤਨ ਰਾਹੀ ਜੱਥੇ ਵਿੱਚ ਆਏ ਸ਼ਰਧਾਲੂਆਂ ਨੂੰ ਸੰਬੋਧਨ ਹੁੰਦਿਆ ਦੱਸਿਆ ਕਿ ਸੰਤ ਸੀਚੇਵਾਲ ਪੰਥ ਦੀ ਇਕ ਮਹਾਨ ਸਖਸ਼ੀਅਤ ਹਨ ਜੋ ਕਿ ਇੱਕ ਅਲੱਗ ਰੂਪ ਵਿਚ ਹੀ ਕਾਰ ਸੇਵਾ ਕਰ ਰਹੇ ਹਨ। ਉਹਨਾਂ ਜੱਥੇ ਨੂੰ ਵੇਈਂ ਦੇ ਇਤਿਹਾਸ ਬਾਰੇ ਦੱਸਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਸੇ ਵੇਈਂ ਵਿੱਚ ਇਸ਼ਨਾਨ ਕਰਿਆ ਕਰਦੇ ਸੀ ਤੇ ਇਸ ਦੇ ਕਿਨਾਰੇ 'ਤੇ ਹੀ ਨਾਮ ਜਪਿਆ ਕਰਦੇ ਸੀ। ਪਰ ਅੱਜ ਦੇ ਸਮਾਜ ਨੇ ਕੁਦਰਤੀ ਸਰੋਤਾਂ ਤੋਂ ਮੁੱਖ ਮੋੜ ਲਿਆ ਹੈ ਤੇ ਉਸਨੇ ਉਸ ਹਰ ਇੱਕ ਚੀਜ਼ ਦਾ ਸਤਿਕਾਰ ਭੁੱਲਾ ਲਿਆ ਹੈ ਜੋ ਉਸ ਲਈ ਬਹੁਤ ਜ਼ਰੂਰੀ ਹੈ। ਜਿਸਦੀ ਉਦਾਹਰਨ ਇਹ ਪਵਿੱਤਰ ਵੇਈਂ ਸੀ। ਉਹਨਾਂ ਜੱਥੇ ਨੂੰ ਦੱਸਿਆ ਕਿ ਅਜਿਹੇ ਸਮਿਆਂ ਵਿੱਚ ਸੰਤ ਸੀਚੇਵਾਲ ਨੇ ਇਕ ਪ੍ਰਕਾਸ਼ ਦੇ ਲੋਹ ਜਗਾਈ ਜਿਸ ਨਾਲ ਉਹਨਾਂ ਨਾ ਕੇਵਲ ਪਵਿੱਤਰ ਵੇਈਂ ਨੂੰ ਮੁੜ ਸੁਰਜੀਤ ਕੀਤਾ ਸਗੋਂ ਕਿੰਨਿਆ ਹੀ ਸੰਗਤਾਂ ਨੂੰ ਇਸ ਮਿਸ਼ਨ ਦਾ ਹਿੱਸਾ ਬਣਾਇਆ। ਉਹਨਾਂ ਕਿਹਾ ਕਿ ਇਹ ਉਹਨਾਂ ਤੇ ਉਹਨਾਂ ਦੀ ਸੰਗਤਾਂ ਵੱਲੋਂ ਕੀਤੀ ਗਈ ਨਿਸ਼ਕਾਮ ਕਾਰਸੇਵਾ ਦਾ ਹੀ ਫਲ ਹੈ ਕਿ ਅੱਜ ਵਿਸ਼ਵ ਦੀਆਂ ਸੰਗਤਾਂ ਇਸ ਵੇਈਂ ਨੂੰ ਦੇਖਣ ਲਈ ਆਉਂਦੀਆਂ ਹਨ। ਇਸ ਮੌਕੇ ਜੱਥੇ ਵਿਚ ਆਏ ਵਿਦੇਸ਼ੀ ਸ਼ਰਧਾਲੂਆਂ ਨੇ ਕਿਹਾ ਕਿ ਇਹ ਉਹਨਾਂ ਲਈ ਬਹੁਤ ਹੀ ਮਾਣ ਦੀ ਗੱਲ ਹੈ ਕਿ ਉਹਨਾਂ ਨੂੰ ਇਸ ਪਵਿੱਤਰ ਸਥਾਨ ਨੂੰ ਦੇਖਣ ਦਾ ਮੌਕਾ ਮਿਲਿਆ। ਉਹਨਾਂ ਕਿਹਾ ਕਿ ਪਿਛਲੇ ਦੋ ਦਹਾਕਿਆਂ ਦੌਰਾਨ ਹੋਈ ਇਹ ਕਾਰਸੇਵਾ ਬਹੁਤ ਹੀ ਮਹਾਨ ਕਾਰਜ਼ ਹੈ। ਉਹਨਾਂ ਕਿਹਾ ਕਿ ਉਹ ਪਹਿਲਾਂ ਵੀ ਕਈ ਥਾਵਾਂ ਤੇ ਜਾ ਚੁੱਕੇ ਹਨ ਪਰ ਪੂਰੇ ਵਿਸ਼ਵ ਵਿਚ ਅਜਿਹੀ ਵਿਲੱਖਣ ਤੇ ਸਕੂਨ ਵਾਲੀ ਜਗ੍ਹਾ ਤੇ ਉਹ ਪਹਿਲੀ ਵਾਰ ਆਏ ਹਨ। ਇਸ ਜੱਥੇ ਵਿਚ ਅਮਰੀਕਾ, ਕਨੇਡਾ, ਜਰਮਨੀ, ਰਸ਼ੀਆਮ ਤਜਾਕੀਸਤਾਨ ਤੇ ਚਾਇਨਾ ਸਮੇਤ ਵੱਖ ਵੱਖ ਦੇਸ਼ਾਂ ਦੇ ਸ਼ਰਧਾਲੂ ਸ਼ਾਮਿਲ ਸੀ। ਇਸ ਮੌਕੇ ਸੰਤ ਸੀਚੇਵਾਲ ਵੱਲੋਂ ਜੱਥੇ ਨੂੰ ਲੈ ਕੇ ਆਏ ਯੋਗੀ ਅਮਨਦੀਪ ਸਿੰਘ ਦਾ ਸਨਮਾਨ ਕੀਤਾ ਗਿਆ ਤੇ ਉਹਨਾਂ ਨੂੰ ਪਵਿੱਤਰ ਵੇਈਂ ਦੇ ਪਾਣੀ ਦਾ ਟੀ.ਡੀ.ਐਸ ਚੈੱਕ ਕਰਵਾਇਆ ਗਏ ਅਤੇ ਹਾਲਟਾਂ ਵਾਲਾ ਖੂਹ ਵੀ ਦਿਖਾਇਆ ਗਿਆ।

ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਬਿਲਡਿੰਗ ਦੇ ਉਦਘਾਟਨ ਮੌਕੇ ਧਾਰਮਿਕ ਸਮਾਗਮ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਈਸਪੁਰ ਵਿਖੇ ਮੱਟ ਵਾਲੀ ਕੁਟੀਆ ਬ੍ਰਹਮ ਗਿਆਨੀ 108 ਸੰਤ ਬਾਬਾ ਹਰੀ ਸਿੰਘ ਨੌਕੀ ਵਾਲਿਆਂ ਦੇ ਤੱਪ ਅਸਥਾਨ 'ਤੇ ਸਾਲਾਨਾ ਬਾਬਾ ਜੀ ਦੀ 54ਵੀਂ ਬਰਸੀ ਮੌਕੇ ਅਤੇ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਬਿਲਡਿੰਗ ਦੇ ਉਦਘਾਟਨ ਮੌਕੇ ਧਾਰਮਿਕ ਸਮਾਗਮ ਕਰਵਾਏ ਗਏ। ਇਸ ਮੌਕੇ ਸੇਵਾਦਾਰ ਗੁਰਮੇਲ ਸਿੰਘ ਪਰਮਾਰ, ਬਰਿੰਦਾ ਪਰਮਾਰ, ਰਾਜਪਾਲ ਪਰਮਾਰ ਨੇ ਦੱਸਿਆ ਕਿ ਬਰਸੀ ਸਮਾਗਮ ਮੌਕੇ ਚਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸੰਤ ਅਮਰੀਕ ਸਿੰਘ ਮੰਹਣਹਾਣਾ, ਸੰਤ ਬਾਬਾ ਜਸਪਾਲ ਸਿੰਘ ਨੌਕੀ ਸਾਹਿਬ, ਸੰਤ ਬਾਬਾ ਸੰਤੋਖ ਸਿੰਘ ਪਾਲਦੀ, ਸੰਤ ਬਾਬਾ ਜੋਗਿੰਦਰ ਸਿੰਘ ਅਟਾਰੀ, ਸੰਤ ਬਾਬਾ ਹਾਕਮ ਸਿੰਘ ਡਾਡੀਆਂ, ਸੰਤ ਕੁਲਦੀਪ ਸਿੰਘ ਨਗਦੀਪੁਰ, ਬਾਬਾ ਪਰਮਜੀਤ ਸਿੰਘ ਜੰਡੋਲੀ, ਬਾਬਾ ਜਗਦੀਸ਼ ਸਿੰਘ ਅਜਨੋਹਾ, ਭਾਈ ਦਲਵੀਰ ਸਿੰਘ ਪੰਜੋੜਾ, ਸੰਤ ਹਰੀ ਸੰਗੀਤ ਵਿਦਿਆਲਾ ਰਾਮਪੁਰ ਅਟਾਰੀ, ਭਾਈ ਵੀਰ ਜਤਿੰਦਰ ਸਿੰਘ ਖਾਲਸਾ ਮਾਲਕਪੁਰ, ਭਾਈ ਦੀਦਾਰ ਸਿੰਘ ਸੰਗਤਪੁਰ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬਰਸੀ ਸਮਾਗਮ ਦੌਰਾਨ ਹਰਮਿੰਦਰ ਸਿੰਘ ਸੰਧੂ ਚੱਬੇਵਾਲ ਸੀਨੀਅਰ ਆਗੂ ਆਮ ਆਦਮੀ ਪਾਰਟੀ, ਮੋਹਣ ਲਾਲ ਚਿੱਤੋਂ ਨੈਸ਼ਨਲ ਕੌਂਸਲ ਮੈਂਬਰ, ਜਸਵੀਰ ਸਿੰਘ ਜੱਲੋਵਾਲ ਪ੍ਰਧਾਨ ਕਿਸਾਨ ਵਿੰਗ ਹੁਸ਼ਿਆਰਪੁਰ, ਸਾਗਰ ਪਠਾਣੀਆਂ ਚੱਬੇਵਾਲ, ਸਤਵੰਤ ਸਿੰਘ, ਬੂਟਾ ਸਿੰਘ, ਪ੍ਰਗਟ ਸਿੰਘ, ਬਾਬਾ ਜਸਪਾਲ ਸਿੰਘ ਨੌਕੀ ਸਾਹਿਬ ਵਾਲੇ, ਜਗਤਾਰ ਸਿੰਘ ਰਾਜੂ, ਕਮਲਜੀਤ ਸਿੰਘ ਪੰਜੋੜਾ ਸਾਬਕਾ ਸਰਪੰਚ ਪੰਜੋੜਾ, ਠੇਕੇਦਾਰ ਸੋਹਣ ਸਿੰਘ ਨਗਦੀਪੁਰ, ਰਣਜੀਤ ਸਿੰਘ ਪਰਮਾਰ, ਹਰਜੀਤ ਸਿੰਘ ਪੰਜੋੜਾ, ਅਮਰਜੀਤ ਸਿੰਘ, ਦਵਿੰਦਰ ਸਿੰਘ, ਜਤਿੰਦਰ ਸਿੰਘ, ਜਸਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਕੁਲਦੀਪ ਸਿੰਘ, ਕੁਲਵੰਤ ਸਿੰਘ, ਪਵਨਦੀਪ ਸਿੰਘ, ਜਸਕਰਨ ਸਿੰਘ ਆਦਿ ਹਾਜਰ ਸਨ।

ਸਰਕਾਰੀ ਐਲੀਮੈਂਟਰੀ ਸਕੂਲ ਢੰਡੋਵਾਲ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ

ਪੰਜਵੀਂ ਜਮਾਤ ਦੀ ਪ੍ਰੀਖਿਆ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਮੌਕੇ ਸੁਰਿੰਦਰਜੀਤ ਸਿੰਘ ਚੱਠਾ,ਜਤਿੰਦਰ ਅਰੋੜਾ,ਮਨਮੀਤ ਸਿੰਘ ਤੇ ਹੋਰ।

ਸ਼ਾਹਕੋਟ (ਗਿਆਨ ਸੈਦਪੁਰੀ)- ਸਰਕਾਰੀ ਐਲੀਮੈਂਟਰੀ ਸਕੂਲ ਢੰਡੋਵਾਲ ਦੇ ਪੰਜਵੀਂ ਜਮਾਤ ਦੇ ਬੱਚਿਆਂ ਵਲੋਂ ਸਾਲਾਨਾ ਪ੍ਰੀਖਿਆ ਦੇ ਨਤੀਜਿਆਂ ਵਿੱਚ ਵੱਡੀਆਂ ਮੱਲਾਂ ਮਾਰਨ ਦੀ ਖੁਸ਼ੀ ਵਿੱਚ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿੱਚ ਪਿੰਡ ਦੇ ਸਰਪੰਚ,ਸਕੂਲ ਦੇ ਅਧਿਆਪਕ, ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀ, ਉਨ੍ਹਾਂ ਦੇ ਮਾਪੇ ਅਤੇ ਹੋਰ ਖੇਤਰਾਂ ਨਾਲ ਸਬੰਧਤ ਪਤਵੰਤੇ ਸ਼ਾਮਲ ਹੋਏ। ਇਸ ਸਕੂਲ ਦੀ ਵਿਦਿਆਰਥਣ ਹਰਲੀਨ ਕੌਰ ਨੇ 500 ਅੰਕਾਂ ਵਿਚੋਂ 500 ਅੰਕ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ, ਸਕੂਲ ਅਤੇ ਪਿੰਡ ਢੰਡੋਵਾਲ ਦਾ ਨਾਂਅ ਰੌਸ਼ਨ ਕੀਤਾ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪੰਜਵੀਂ ਦੀ ਪ੍ਰੀਖਿਆ ਵਿੱਚ ਪੰਜਾਬ ਭਰ ਵਿੱਚ ਪਹਿਲੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀ ਨੇ ਵੀ 500 ਅੰਕ ਪ੍ਰਾਪਤ ਕੀਤੇ ਹਨ। ਬਰਾਬਰ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਵਿੱਚੋਂ ਕਿਸ ਨੂੰ ਫਸਟ ਐਲਨਿਆ ਜਾਵੇ,ਇਸ ਦਾ ਫੈਸਲਾ ਉਮਰ ਨੂੰ ਅਧਾਰ ਮੰਨ ਕੇ ਕੀਤਾ ਗਿਆ। ਇਸੇ ਸਕੂਲ ਦੀ ਪ੍ਰਨੀਤ ਕੌਰ ਪੁੱਤਰੀ ਨਿਰਮਲ ਸਿੰਘ ਤੇ ਕਿਰਨਦੀਪ ਕੌਰ ਨੇ 500 ਵਿੱਚੋਂ 499 ਅੰਕ ਪ੍ਰਾਪਤ ਕਰਕੇ ਕਮਾਲ ਕੀਤੀ। ਬੱਚੀ ਦਾ ਬਾਪ ਨਿਰਮਲ ਢੰਡੋਵਾਲੀਆ ਮਸ਼ਹੂਰ ਗਾਇਕ ਹੈ। ਇਸੇ ਤਰ੍ਹਾਂ ਮੋਨੂੰ ਕੁਮਾਰ ਪੁੱਤਰ ਰਾਜ ਕੁਮਾਰ ਤੇ ਅਨੀਤਾ ਦੇਵੀ ਨੇ ਵੀ 500 ਵਿੱਚੋਂ 499 ਅੰਕ ਪ੍ਰਾਪਤ ਕੀਤੇ। ਇਸ ਸਕੂਲ ਦੀ ਇੱਕ ਹੋਰ ਵਿਦਿਆਰਥਣ ਰਾਧਿਕਾ ਕੁਮਾਰੀ ਨੇ 500 ਵਿੱਚੋਂ 498 ਅੰਕ ਪ੍ਰਾਪਤ ਕਰਕੇ ਪਹਿਲੇ ਵਿਦਿਆਰਥੀਆਂ ਦੀ ਪੈੜ ਨੱਪੀ। ਖੁਸ਼ਗਵਾਰ ਮਹੌਲ ਵਿੱਚ ਹੋਏ ਸਮਾਗਮ ਵਿੱਚ ਬੱਚਿਆਂ ਦੇ ਗਲਾਂ ਵਿੱਚ ਫੁੱਲਾਂ ਦੇ ਹਾਰ ਪਾ ਕੇ ਤੇ ਵਿਸ਼ੇਸ਼ ਯਾਦਗਾਰੀ ਚਿੰਨ ਭੇਂਟ ਕਰਕੇ ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ ਗਈ। ਸਮਾਗਮ ਨੂੰ ਸੰਬ

9-April-Sunday.qxd 4/8/2023 9:38 PM Page 3

ਸਮਕਾਲੀ ਕਾਵਿ ਵੰਨਗੀਆਂ

ਸੱਚ

ਭੈਣ ਨੇ
ਤੀਆਂ 'ਚ ਬੋਲੀ ਪਾਈ
ਵੀਰਾ ਵਿਆਹ ਲਿਆ ਵੇ
ਜੰਗਲ ਦੀਆਂ ਕੁੜੀਆਂ
ਖੱਟੇ-ਮਿੱਠੇ ਪਾਉਣ ਘੱਗਰੇ
ਭੈਣ ਨੂੰ ਕੌਣ ਸਮਝਾਏ ਕਿ
ਪੰਜਾਬ ਦੇ
ਜੰਗਲ ਤੇ ਟਿੱਬਿਆਂ ਨੂੰ ਤਾਂ
ਹਰਾ ਇਨਕਲਾਬ ਚਰ ਗਿਐ
ਤੇ
ਖੱਟੇ-ਮਿੱਠੇ ਘੱਗਰਿਆਂ ਨੂੰ
ਜੀਨਾਂ, ਸਕਾਲਟਾਂ ਤੇ ਲੈਗੀਆਂ ਦੀ
ਚਾਨਣੀ ਮਾਰ ਗਈ ਐ।

— ਸੁਖਦੇਵ ਸਿੰਘ ਔਲਖ

ਜ਼ਖਮ

ਕਸ਼ਮਕਸ਼-ਏ-ਜ਼ਿੰਦਗੀ ਤੋਂ
ਮਾਯੂਸ ਨਾ ਹੋ
ਕੰਡਿਆਲੇ ਰਾਹਾਂ ਤੋਂ ਵੀ
ਉਦਾਸ ਨਾ ਹੋ

ਜ਼ਖਮ ਜੋ ਤੇਰੇ ਚਿਹਰੇ 'ਤੇ
ਸਮੇਂ ਨੇ ਦਿੱਤੇ
ਸਿਤਮ ਐਸੇ ਜੋ
ਸਦੀ ਨੇ ਢਾਏ
ਨਾ ਮਿਟਣ ਵਾਲੇ ਦਾਗ
ਧੁਰ ਦਿਲ 'ਤੇ ਲਗਾਏ
ਪੂੰਝੇਗਾ ਇਤਿਹਾਸ
ਹੌਲੇ-ਹੌਲੇ

ਦਿੱਲੀ ਦੀ ਫਿਤਰਤ
ਪੁਰਾਣੀ
ਜਾਣੀ ਪਹਿਚਾਣੀ
ਢਾਹੁੰਦੀ ਏ ਜ਼ੁਲਮ
ਰੱਜ-ਰੱਜ ਕੇ
ਪੋਹ ਹਰ ਵਾਰ
ਯਾਦ ਕਰਾਉਂਦਾ ਸਾਨੂੰ
ਉਹ ਪੈੜਾਂ
ਸਾਡੇ ਪੁਰਖੇ ਜੋ
ਰਾਹਾਂ 'ਤੇ ਛੱਡ ਗਏ
ਮੁੱਖ ਦੇ
ਜ਼ਖਮ ਦਾ ਰੰਗ
ਗੂੜ੍ਹਾ ਕਰਦੇ ਰਹਿਣਾ
ਦਾਗ ਛੋਟਾ ਹੈ
ਸੁਨੇਹੇ ਵੱਡੇ

ਵਕਤ ਦਾ ਦਰਪਨ
ਜਦ ਵੇਖੇਗਾ ਇਹਨੂੰ
ਸਿਰ ਝੁਕਾ ਕੇ ਖਲੋਣਗੇ
ਯੁੱਗ ਚਾਰੇ,
ਹਵਾ ਦੁਹਰਾਏਗੀ
ਵਾਰ-ਵਾਰ ਬੋਲ ਤੇਰੇ
'ਫਤਿਹ ਮਿਲਦੀ ਏ
ਚੱਲ ਕੇ ਖੰਡੇ ਦੀ ਧਾਰ ਉੱਤੇ।'

— ਸਵਿੰਦਰ ਸੰਧੂ

ਮਜ਼ਦੂਰ ਦਾ ਪੁੱਤ

ਮੇਰੀ ਸੁਰਤ ਜੀ ਸੰਭਲੀ ਸੀ,
ਜਦੋਂ ਦਾ ਉਹ ਕਰਦਾ ਦਿਹਾੜੀਆਂ
ਮਿੱਟੀ ਨਾ ਮਿੱਟੀ, ਗਾਰੇ ਨਾ ਗਾਰਾ ਹੁੰਦਾ,
ਧੁੱਪਾਂ 'ਚ ਧੁੱਪ, ਛਾਵਾਂ 'ਚ ਛਾਵਾਂ ਹੋ,
ਕਸਦਾ ਸੀ ਢੂਲਿਆਂ ਦੀਆਂ ਪੈੜਾਂ,
ਮੈਂ ਉਸ ਮਜ਼ਦੂਰ ਦਾ ਪੁੱਤ ਆਂ,
ਸਿਰ 'ਤੇ ਚਾਹੇ ਮਿੱਟੀ ਦੇ ਬੱਠਲ,
ਚਾਹੇ ਭਾਰੀਆਂ ਤੂੜੀਆਂ ਦੀਆਂ ਪੰਡਾਂ,
ਚਾਹੇ ਕੂੜੇ ਦੇ ਭਰੇ ਬੋਝਲ ਟੋਕਰੇ,
ਚੁੱਕਦਾ ਰਿਹਾ, ਚੁੱਕਦਾ ਰਿਹਾ
ਜਿਸ ਨੇ ਕਿਹਾ ਨੀ ਕਿ ਕਿ ਦੁਖਦਾ,
ਮੈਂ ਉਸ ਮਜ਼ਦੂਰ ਦਾ ਪੁੱਤ ਆਂ,

ਗਰੀਬੀ 'ਚ ਜੋ ਪੜ੍ਹਾ ਨਾ ਸਕਿਆ
ਵੱਡੇ ਵੀਰ ਤੇ ਮੇਰੀਆਂ ਭੈਣਾਂ ਨੂੰ,
ਫਿਰ ਪੁੱਤ ਜਿਸ ਦਾ ਸੀਰੀ ਰਲਿਆ
ਧੀਆਂ ਦੇ ਨਾਲ ਕਮਾਈ ਕੀਤੀ,
ਨਾ ਅੱਕੀਆਂ ਨਾ ਥੱਕੀਆਂ,
ਜਿਸ ਦੇ ਚਾਅ ਤੇ ਸ਼ੌਕ ਮਰੇ,
ਮੈਂ ਉਸ ਮਜ਼ਦੂਰ ਦਾ ਪੁੱਤ ਆਂ,

ਜਦੋਂ ਸਮਾਂ ਸੀ ਸੁੱਖ ਮਾਨਣ ਦਾ,
ਉਦੋਂ ਜੋ ਬਿਮਾਰ ਪੈ ਗਿਆ,
ਕੰਮ ਕੰਮ ਕਰਦਾ ਰਹਿਣ ਵਾਲਾ,
ਜੁੜ ਗਿਆ ਸੀ ਮੰਜੇ ਨਾਲ
ਵਕਤ ਸੀ ਅਰਾਮ ਨਾ' ਬੈਠਣ ਦਾ,
ਜੋ ਵਗਦੇ ਪਾਣੀ 'ਚ ਬਹਿ ਗਿਆ
ਮੈਂ ਉਸ ਮਜ਼ਦੂਰ ਦਾ ਪੁੱਤ ਆਂ,

ਕਦੇ ਲੇਬਰ ਚੌਂਕ ਖੜ੍ਹਾ ਮਿਲਿਆ,
ਕਦੇ ਨਰੇਗਾ ਆਲੇ ਧਰਨਿਆਂ 'ਤੇ
ਰਾਸ਼ਨ ਵਾਲੇ ਡਿਪੂ ਦੀ ਲਾਈਨ 'ਚ
ਜ਼ਮੀਨਾਂ ਦਾ ਮਾਲਕ ਤਾਂ ਨਹੀਂ ਸੀ,
ਪਰ ਜੋਗੇ ਲਈ ਖਜ਼ਾਨਾ ਸੀ ਜੋ,
ਮੈਂ ਉਸ ਮਜ਼ਦੂਰ ਦਾ ਪੁੱਤ ਆਂ

— ਜਸਵੰਤ ਸਿੰਘ ਜੋਗਾ

ਰਾਜ਼ਲ

ਜੋ ਸੁਨਾਮੀ ਸਾਹਮਣੇ ਸੀ ਤਾਣ ਸੀਨਾ ਖੜ੍ਹ ਗਿਆ।
ਉਹ ਪਤਾ ਨਹੀਂ ਕਿਉਂ ਤੇਰੇ ਇਕ ਅੱਥਰੂ ਵਿੱਚ ਹੜ੍ਹ ਗਿਆ।
ਪੁੱਛਦਾ ਸ਼ੀਸ਼ਾ ਮੇਰੇ ਤੋਂ ਕੌਣ ਆਇਆ ਸੀ ਮਿਲਣ,
ਜਰਦ ਚਿਹਰੇ 'ਤੇ ਜੋ ਐਨਾ ਰੰਗ ਸੂਹਾ ਚੜ੍ਹ ਗਿਆ।

ਮੰਨ ਲੈਂਦਾ ਈਨ ਜਿਹੜਾ, ਸਿਰਜਦਾ ਇਤਿਹਾਸ ਨਾ,
ਸਿਰਜ ਕੇ ਇਤਿਹਾਸ ਸਰਮਦ ਜ਼ੁਲਮ ਸਾਹਵੇਂ ਅੜ ਗਿਆ।

ਅਕਲ ਦਾ ਉਪਦੇਸ਼ ਸਾਨੂੰ ਦੇ ਰਿਹਾ ਹਰ ਗੱਲ 'ਤੇ,
ਸੋਚਦੇ ਮਾਂ ਬਾਪ ਸਾਡਾ ਪੁੱਤ ਕਿੰਨਾ ਪੜ੍ਹ ਗਿਆ।

ਵੇਖ ਲਈਂ ਤਨਵੀਰ ਤੂੰ, ਇਹ ਲਿਸ਼ਕਦੇ ਹੀ ਰਹਿਣਗੇ,
ਜੋ ਗਜ਼ਲ ਦੇ ਵਿੱਚ ਹੈ 'ਜਗਤਾਰ' ਕੋਕੇ ਜੜ ਗਿਆ।

ਰੁੱਖ ਲਾਵੋ, ਰੁੱਖ ਲਾਵੋ, ਆਖਦਾ ਸੀ ਵਾਰ-ਵਾਰ,
ਪਰ ਹਵਾ ਦੇ ਖੌਫ ਤੋਂ ਹੀ ਡਰ ਕੇ ਅੰਦਰ ਵੜ ਗਿਆ।

ਰੀੜ੍ਹ ਦੀ ਹੱਡੀ ਅਜੇ ਟੁੱਟੀ ਨਹੀਂ 'ਤਨਵੀਰ' ਦੀ,
ਕੁਰਸੀਆਂ ਅੱਗੇ ਤਦੇ ਲਿਫਿਆ , ਨਾ ਸਿੱਧਾ ਖੜ੍ਹ ਗਿਆ।

— ਅਜੈ ਤਨਵੀਰ

ਕੁੜੀਆਂ.....

ਜੀਹਨੂੰ ਪੱਥਰ, ਬੋਝ, ਬੇਗਾਨੀਆਂ ਆਖੋ,
ਨਾਂਅ ਮਾਪਿਆਂ ਦਾ ਚਮਕਾਉਂਦੀਆਂ ਹਾਂ।
ਅਸੀਂ ਬੇਦੀ ਕਿਰਨ ਤੇ ਕਲਪਨਾ ਬਣ ਕੇ,
ਦੇਸ਼ ਦਾ ਨਾਂਅ ਚਮਕਾਉਂਦੀਆਂ ਹਾਂ।
ਚੰਬਾ ਹੁਣ ਚਿੜੀਆਂ ਦਾ ਨਹੀਂ,
ਅਸੀਂ ਸ਼ੇਰਨੀਆਂ ਅਖਵਾਉਂਦੀਆਂ ਹਾਂ।

ਭਾਵੇਂ ਖੁਸ਼ ਹੋਵੋਂ ਤੁਸੀਂ ਪੁੱਤ ਹੋਵਣ 'ਤੇ,
ਪਰ ਰੌਣਕਾਂ ਅਸੀਂ ਲਗਾਉਂਦੀਆਂ ਹਾਂ।
ਮਿੱਠੇ ਮੇਵੇ ਜੇ ਚਿੱਟੇ 'ਤੇ ਲੱਗ ਜਾਣ,
ਅਸੀਂ ਧੀਆਂ ਦਰਦ ਵੰਡਾਉਂਦੀਆਂ ਹਾਂ।
ਚੰਬਾ ਹੁਣ ਚਿੜੀਆਂ ਦਾ ਨਹੀਂ,
ਅਸੀਂ ਸ਼ੇਰਨੀਆਂ ਅਖਵਾਉਂਦੀਆਂ ਹਾਂ।

ਪੁੱਤ ਘਰ ਦਾ ਦੀਵਾ ਹੋਣ ਪਰ ਅਸੀਂ ਵੀ,
ਖੁਸ਼ੀਆਂ ਦੇ ਦੀਪ ਜਗਾਉਂਦੀਆਂ ਹਾਂ।
ਅਸੀਂ ਆਈ.ਪੀ.ਐੱਸ, ਅਧਿਆਪਕ ਬਣ ਕੇ,
ਆਪਣਾ ਨਾਂਅ ਕਮਾਉਂਦੀਆਂ ਹਾਂ।
ਚੰਬਾ ਹੁਣ ਚਿੜੀਆਂ ਦਾ ਨਹੀਂ,
ਅਸੀਂ ਸ਼ੇਰਨੀਆਂ ਅਖਵਾਉਂਦੀਆਂ ਹਾਂ।

ਜਿਹਨਾਂ ਪਾਲੀਆਂ ਜੰਮੀਆਂ, ਉਹਨਾਂ ਮੂੰਹੋਂ ਕਿਉਂ,
ਧਨ ਬੇਗਾਨਾ ਸੁਣਨ ਨੂੰ ਪਾਉਂਦੀਆਂ ਹਾਂ।
ਸਾਡੇ ਦੋ-ਦੋ ਘਰ ਪਰ ਅਪਣਾਇਆ ਕਿਸੇ ਨਾ,
ਅਸੀਂ ਦੋਨਾਂ ਦੀ ਖੈਰ ਮਨਾਉਂਦੀਆਂ ਹਾਂ।
ਏਸੇ ਲਈ ਖਬਰੇ ਚੰਬਾ ਅਜੇ ਵੀ,
ਚਿੜੀਆਂ ਦਾ ਕਹਾਉਂਦੀਆਂ ਹਾਂ।

— ਹਰਪ੍ਰੀਤ ਕੌਰ ਭਾਨਰਾ

ਸਿਆਸਤ ਦੀ ਮੰਡੀ

ਅੱਜਕੱਲ੍ਹ
ਮੁਲਕ ਵਿੱਚ
ਬੜੀ ਸਰਗਰਮ ਏ
ਸਿਆਸਤ ਦੀ ਮੰਡੀ
ਜਿੱਥੇ
ਤਾਂਬਈ ਸੋਚ ਵਾਲੇ
ਸਿਆਸਤਦਾਨ
ਵਿਕ ਰਹੇ ਨੇ
ਖਿਡਾਉਣਿਆਂ ਦੇ ਮੁੱਲ
ਅਸ਼ਟ ਗ੍ਰਹਿਆਂ ਦੇ
ਭਿੜਨ ਦਾ ਇੰਤਜ਼ਾਰ ਕਰਦੇ
ਇਹ ਸ਼ਿਕਾਰ ਹੋ ਗਏ ਨੇ
ਵਿਚਾਰਧਾਰਕ
ਦੀਵਾਲੀਏਪਣ ਦੇ
ਤੇ
ਬਣਾਉਣ ਲੱਗੇ ਨੇ
ਮੁਲਕ ਨੂੰ
ਨਖਲਿਸਤਾਨ
ਬਾਜ਼ਾਰੂ ਤੀਲ੍ਹਿਆਂ ਦੇ ਬਣੇ
ਨੈਤਿਕ ਨਿਘਾਰ ਦੇ
ਸਾਰੇ ਪੱਤਣ ਲੰਘ
ਇਹ
ਤੁਰ ਪਏ ਨੇ
ਸਿਰਾਂ ਦੇ ਸ਼ਿਕਾਰ ਕਰਨ
ਪਤਾ ਨਹੀਂ
ਸਾਨੂੰ
ਕਦੋਂ ਤੱਕ ਜੀਵਤ ਰੱਖਣਾ ਏ
ਇਹਨਾਂ
ਤਿੜਕਦੀਆਂ ਚੁਗਾਠਾਂ ਵਾਲੇ
ਦਰਵਾਜ਼ਿਆਂ ਨੇ।

— ਰਾਮਪਾਲ ਸ਼ਾਹਪੁਰੀ

ਉਦਾਸੀ

ਮੈਂ ਉਦਾਸ ਕਿਉਂ ਹੋਵਾਂ
ਮੈਂ ਨਿਰਾਸ਼ ਨਾ ਹੋਵਾਂ
ਮਨੁੱਖਤਾ ਦਾ ਇਤਿਹਾਸ ਵਡੇਰਾ ਹੈ
ਸੰਘਰਸ਼ਾਂ ਦਾ ਇਤਿਹਾਸ ਬਥੇਰਾ ਹੈ
ਘੋਲਾਂ ਦਾ ਇਤਿਹਾਸ ਲੰਮੇਰਾ ਹੈ।
ਇਹ ਦੇਸ਼ ਇਸ ਦੀ ਮਾਨਵਤਾ
ਸੱਚ ਜਾਗਦੀ ਰਹਿੰਦੀ
ਸੱਚ ਸੋਤਦੀ ਰਹਿੰਦੀ।
ਇਹਦੇ ਕ੍ਰਿਆਸ਼ੀਲ ਰਹਿਣ ਦਾ
ਉਦੋਂ ਪਤਾ ਲੱਗ ਹੀ ਜਾਂਦਾ
ਜਦ ਲੋਕਾਈ ਦੇ ਪੀੜ ਹਰਤਾ
ਸੋਚ ਸੰਪੰਨ ਭਗਤ ਸਿੰਘ ਸਰਾਭੇ
ਮੰਚ 'ਤੇ ਆ ਜਾਂਦੇ
ਜਾਨਾਂ ਵਾਰਨ ਲਈ ਨਿੱਤਰ ਪੈਂਦੇ
ਜਦ ਗੁਰੂ ਨਾਨਕ ਵੱਡੇ ਵਡਿਆਰ
ਪਾਪ ਦੀ ਜੰਞ ਨੂੰ ਲਲਕਾਰਦੇ
ਲੋਕ-ਯੁੱਧਾਂ ਦੀ
ਘੋਲਾਂ ਘੁਲਾਵਾਂ ਦੀ ਨੀਂਹ ਰੱਖ ਦਿੰਦੇ।
ਜਦ ਬਾਬੇ ਬੁੱਲ੍ਹੇ
ਸਰਬ ਸਾਂਝਾਂ ਦੀ ਮਾਨਵਤਾ ਉਸਾਰਦੇ।
ਜਦ ਭਗਤ ਪੂਰਨ ਸਿੰਘ
ਨਿਬਾਵਿਆਂ ਦਾ ਥਾਨ ਬਣ ਜਾਂਦੇ।
ਜਦ ਬਾਬੜੇ ਗਦਰੀ ਮਹਾਨ
ਅਜਾਂ ਦੀ ਲਈ ਰਣ ਤੇਰੇ ਵਜਾਂਦੇ।
ਜਾਨਾਂ ਕੁਰਬਾਨ ਕਰ ਜਾਂਦੇ
ਨੀਹਾਂ ਨਵੀਆਂ ਨਕੋਰ ਪਾ ਜਾਂਦੇ।
ਤੇ ਬਾਬੇ ਭਕਨੇ
ਅੱਜ ਵੀ ਰਾਹ ਰੋਸ਼ਨਾਂਦੇ।

— ਡਾ. ਸੁਰਿੰਦਰ ਕਾਹਲੋਂ

ਪੰਜਾਬ

ਓ ਉੱਜੜਿਆ ਮੈਂ ਕਿੰਨੀ ਵਾਰੀ,
ਅ ਆਪਣਿਆਂ ਸਭ ਕੀਤਾ ਸੀ।
ੲ ਇੱਜ਼ਤਾਂ ਰੁਲੀਆਂ ਪੁੱਤ ਮੋਏ,
ਸ ਸਭ ਆਪਣਿਆਂ ਹੀ ਕੀਤਾ ਸੀ।
ਹ ਹਾਂ ਯਾਦ ਮੈਨੂੰ ਜੋ ਨਾਲ ਸੀ ਹੋਇਆ।
ਕ ਕੱਲ੍ਹ ਦੀ ਗੱਲ ਲਗਦੀ ਮੈਨੂੰ।
ਖ ਖਾਬ ਮੇਰੇ ਜਦ ਮੋਏ ਸੀ,
ਗ ਗਿਲੇ ਸ਼ਿਕਵੇ, ਭੁੱਲ ਕੇ ਆਪਾਂ।
ਘ ਘਰਾਂ ਤੋਂ ਵਾਂਝੇ ਹੋਏ ਸੀ।
ਚ ਚਾਹ ਕੇ ਵੀ ਕਦੇ ਮਿਲ ਨਾ ਸਕਿਆ,
ਛ ਛੱਲਾ ਆਪਣੇ ਯਾਰਾਂ ਨੂੰ।
ਜ ਜਾਓ ਜਾ ਕੇ ਪੁੱਟ ਦਿਓ,
ਝ ਝਾਕੋ ਨਾ ਹੁਣ ਤਾਰਾਂ ਨੂੰ।
ਟ ਟਹਿਲ ਸਿਓਂ ਮੈਨੂੰ ਆਖੇ,
ਠ ਠਹਿਰ ਸੁਣਾਵਾਂ ਕਿੱਸੇ ਹਾਲੇ ਹੋਰ ਬੜੇ।
ਡ ਡਰਦੇ ਡਰਦੇ ਮੈਂ ਪੁੱਛਿਆ,
ਢ ਢਾਕਾਂ 'ਤੇ ਹੱਥ ਧਰ ਕੇ।
ਤ ਤੁਰੀ ਜਾਵੇ ਨਾਲੇ ਓ ਦੱਸੇ,
ਥ ਥੈਲੇ 'ਚੋਂ ਕੁਝ ਫੜ ਕੇ।
ਦ ਦਰਿਆ ਵੰਡੇ ਉਨ੍ਹਾਂ
ਧ ਧਰਤੀ ਵੰਡੀ,
ਨ ਨਾਨਕ ਦੇ ਵੰਡ ਧਾਮ ਲਏ।
ਪ ਪੰਜਾਬ ਕੀ ਸੀ ? ਦਿੱਤੇ ਦਿਲ ਨੂੰ ਮੈਂ ਦਿਲਾਸੇ ਨੇ,
ਫ ਫਰਜ਼ੀ ਦੁਨੀਆਦਾਰੀ ਦੇ 'ਚ ਹੱਸਦੇ ਲੋਕੀਂ ਹਾਸੇ ਨੇ।
ਬ ਬੋਲਣ ਲੱਗਿਆਂ ਮਾਂ ਬੋਲੀ ਮੈਂ,
ਭ ਭੱਜਦੇ ਵੇਖੇ ਲੋਕੀਂ ਨੇ।
ਮ ਮੇਰੇ ਜਾਏ ਮੈਨੂੰ ਭੁੱਲ ਗਏ,
ਯ ਯਾਰੋ ਹੋਇਆ ਕੀ ਜਵਾਨੀ ਨੂੰ।
ਰ ਰਹਿ ਕੇ ਮੇਰੀ ਗੋਦੀ ਦੇ ਵਿਚ,
ਲ ਲਾਜ ਨਾ ਰੱਖਦੇ ਮੇਰੀ।
ਵ ਵੇਖ ਆ ਕੇ ਤੂੰ ਕਰਤਾਰ ਸਿਆਂ, ਕੀ ਝੁੱਲੀ ਏ ਹਨੇਰੀ।

— ਪਰਮਜੀਤ ਸੰਧੂ

ਪ੍ਰੈੱਸ ਦੀ ਅਜ਼ਾਦੀ ਉੱਪਰ ਮੋਦੀ ਦਾ ਆਖ਼ਰੀ ਹਮਲਾ ਸ਼ੁਰੂ ਹੋ ਚੁੱਕਾ ਹੈ

ਅਨੁਰਾਧਾ ਭਸੀਨ

ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ

[ਹਾਲ ਹੀ ਵਿਚ ਦੁਨੀਆ ਦੇ ਉੱਘੇ ਅਖ਼ਬਾਰ ਨਿਊ ਯਾਰਕ ਟਾਈਮਜ਼ ਨੇ ਆਪਣੇ 8 ਮਾਰਚ ਦੇ ਅੰਕ ਵਿਚ ਮਸ਼ਹੂਰ ਕਸ਼ਮੀਰੀ ਪੱਤਰਕਾਰ ਅਨੁਰਾਧਾ ਭਸੀਨ ਦਾ ਇਕ ਲੇਖ ਛਾਪਿਆ ਹੈ, ਜਿਸ ਨੇ ਫਾਸ਼ੀਵਾਦੀ ਮੋਦੀ ਸਰਕਾਰ ਦੀਆਂ ਪ੍ਰੇਸ਼ਾਨੀਆਂ ਹੋਰ ਵਧਾ ਦਿੱਤੀਆਂ ਹਨ। ਅਨੁਰਾਧਾ ਭਸੀਨ ਕਸ਼ਮੀਰ ਟਾਈਮਜ਼ ਦੀ ਕਾਰਜਕਾਰੀ ਸੰਪਾਦਕ ਹੈ ਅਤੇ "ਅ ਡਿਸਮੈਂਟਲਡ ਸਟੇਟ : ਦਿ ਅਨਟੋਲਡ ਸਟੋਰੀ ਆਫ ਕਸ਼ਮੀਰ ਆਫ 370" ਦੀ ਲੇਖਿਕਾ ਅਤੇ ਦਲੇਰ ਪੱਤਰਕਾਰ ਹੈ, ਜੋ ਕਸ਼ਮੀਰ ਵਿਚ ਫ਼ੌਜੀ ਰਾਜ ਵਿਰੁੱਧ ਡਟੀ ਹੋਈ ਹੈ। ਅਜੇ ਕੁਝ ਦਿਨ ਪਹਿਲਾਂ ਹੀ ਅਮਰੀਕੀ ਸਰਕਾਰ ਦੀ ਸਰਪ੍ਰਸਤੀ ਵਾਲੇ ਥਿੰਕ ਟੈਂਕ 'ਫਰੀਡਮ ਹਾਊਸ' ਨੇ ਆਪਣੀ ਰਿਪੋਰਟ 'ਫਰੀਡਮ ਇਨ ਦ ਵਰਲਡ' 2023 'ਚ ਭਾਰਤ ਨੂੰ ਸੌ ਵਿੱਚੋਂ 66 ਅੰਕ ਦਿੱਤੇ ਸਨ ਅਤੇ 'ਅੰਸ਼ਕ ਰੂਪ 'ਚ ਸੁਤੰਤਰ ਮੁਲਕ' ਦਾ ਦਰਜਾ ਦਿੱਤਾ ਸੀ। ਇਸ ਸੱਚ ਨੂੰ 'ਝੂਠਾ ਪ੍ਰਚਾਰ' ਕਹਿ ਕੇ ਰੱਦ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਭਗਵੇਂ ਬੁਲਾਰੇ ਮੋਦੀ ਦਾ ਅਕਸ ਬਚਾਉਣ 'ਚ ਅਸਮਰੱਥ ਮਹਿਸੂਸ ਕਰ ਰਹੇ ਹਨ। ਪਾਠਕਾਂ ਦੀ ਜਾਣਕਾਰੀ ਲਈ ਲੇਖ ਦਾ ਅਨੁਵਾਦ ਪੇਸ਼ ਹੈ। -ਸੰਪਾਦਕ]

19 ਅਕਤੂਬਰ 2020 ਦੀ ਸ਼ਾਮ ਨੂੰ ਜਦੋਂ ਕਸ਼ਮੀਰ ਟਾਈਮਜ਼ ਦੇ ਰਿਪੋਰਟਰ ਅਤੇ ਫੋਟੋਗ੍ਰਾਫ਼ਰ ਆਪਣੇ ਜ਼ਿੰਮੇ ਲੱਗੇ ਕੰਮ ਨੂੰ ਨਿਪਟਾਉਣ ਲਈ ਨਿਕਲੇ, ਉਸੇ ਸਮੇਂ ਸਰਕਾਰੀ ਅਧਿਕਾਰੀ ਅਤੇ ਪੁਲਸ ਸ੍ਰੀਨਗਰ ਸ਼ਹਿਰ ਵਿਚ ਅਖ਼ਬਾਰ ਦੇ ਦਫ਼ਤਰ ਵਿਚ ਘੁਸ ਗਏ ਅਤੇ ਸਟਾਫ਼ ਨੂੰ ਬਾਹਰ ਕੱਢ ਕੇ ਦਰਵਾਜ਼ੇ ਨੂੰ ਜੰਦਰਾ ਲਗਾ ਦਿੱਤਾ, ਜੋ ਹੁਣ ਤੱਕ ਲੱਗਿਆ ਹੋਇਆ ਹੈ।

ਇਹ ਛਾਪਾ ਮੈਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ 'ਤੇ ਸਵਾਲ ਚੁੱਕਣ ਦੀ ਹਿੰਮਤ ਕਰਨ ਦੀ ਸਜ਼ਾ ਸੀ। ਇਹ ਅਖ਼ਬਾਰ, ਜਿਸ ਦੀ ਸਥਾਪਨਾ ਮੇਰੇ ਪਿਤਾ ਜੀ ਨੇ 1954 'ਚ ਕੀਤੀ ਸੀ ਅਤੇ ਹੁਣ ਮੈਂ ਕਾਰਜਕਾਰੀ ਸੰਪਾਦਕ ਹਾਂ, ਜੰਮੂ-ਕਸ਼ਮੀਰ ਰਾਜ ਵਿਚ ਕਈ ਦਹਾਕਿਆਂ ਤੋਂ ਯੁੱਧ ਅਤੇ ਫ਼ੌਜੀ ਕਬਜ਼ੇ ਦਾ ਸਾਹਮਣਾ ਕਰਦੇ ਹੋਏ ਇਕ ਸੁਤੰਤਰ ਆਵਾਜ਼ ਬਣਿਆ ਹੋਇਆ ਹੈ, ਪਰ ਇਹ ਸ਼ਾਇਦ ਮਿਸਟਰ ਮੋਦੀ ਦੇ ਹਮਲੇ 'ਚ ਬਚ ਨਹੀਂ ਸਕੇਗਾ। ਉਸ ਦੀਆਂ ਮੀਡੀਆ ਨੂੰ ਕੁਚਲਣ ਦੀਆਂ ਨੀਤੀਆਂ ਕਸ਼ਮੀਰੀ ਪੱਤਰਕਾਰੀ ਨੂੰ ਤਬਾਹ ਕਰ ਰਹੀਆਂ ਹਨ, ਮੀਡੀਆ ਸੰਸਥਾਵਾਂ ਦੀ ਬਾਂਹ ਮਰੋੜ ਕੇ ਉਨ੍ਹਾਂ ਨੂੰ ਸਰਕਾਰੀ ਧੁਤੂ ਬਣਨ ਲਈ ਮਜਬੂਰ ਕਰ ਰਹੀਆਂ ਹਨ ਅਤੇ ਸਾਡੇ ਲੱਗਭੱਗ 1 ਕਰੋੜ 30 ਲੱਖ ਲੋਕਾਂ ਵਾਲੇ ਖੇਤਰ ਵਿਚ ਸੂਚਨਾ ਦੀ ਅਣਹੋਂਦ ਦਾ ਮਾਹੌਲ ਬਣਾ ਰਹੀਆਂ ਹਨ।

ਹੁਣ ਮਿਸਟਰ ਮੋਦੀ ਵੱਲੋਂ ਅਜਿਹੇ ਕਦਮ ਚੁੱਕੇ ਜਾ ਰਹੇ ਹਨ, ਜਿਨ੍ਹਾਂ ਨਾਲ ਇਹ ਪ੍ਰੇਸ਼ਾਨ ਕਰਨ ਵਾਲਾ ਮਾਡਲ ਰਾਸ਼ਟਰੀ ਪੱਧਰ 'ਤੇ ਦੁਹਰਾਇਆ ਜਾ ਸਕਦਾ ਹੈ। ਉਸ ਦੀ ਹਿੰਦੂ-ਹੰਕਾਰਵਾਦੀ ਮੁਹਿਮ, ਜਿਸ ਨੇ ਭਾਰਤੀ ਮੁਸਲਮਾਨਾਂ ਵਿਰੁੱਧ ਅਸਹਿਣਸ਼ੀਲਤਾ ਅਤੇ ਹਿੰਸਾ ਨੂੰ ਆਮ ਬਣਾ ਦਿੱਤਾ ਹੈ, ਨਾਲ ਪਹਿਲਾਂ ਹੀ ਭਾਰਤ ਦੀ ਪ੍ਰੈੱਸ ਉੱਪਰ ਸਖ਼ਤ ਦਬਾਅ ਹੈ, ਜੋ ਇਕ ਸਮੇਂ ਕਿਸੇ ਦੇ ਦਬਾਅ ਹੇਠ ਨਹੀਂ ਸੀ। ਪੱਤਰਕਾਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ, ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ ਅਤੇ ਸਰਕਾਰ ਆਪਣੇ ਹੱਕ 'ਚ ਰਿਪੋਰਟਿੰਗ ਯਕੀਨੀ ਬਣਾਉਣ ਲਈ ਮੀਡੀਆ ਸੰਸਥਾਵਾਂ ਨੂੰ ਝੁਕਾਉਣ ਲਈ ਤਾਕਤ ਅਤੇ ਹਿੰਸਾ ਦਾ ਸਹਾਰਾ ਲੈ ਰਹੀ ਹੈ। ਜਨਵਰੀ ਮਹੀਨੇ 'ਚ ਡਿਜੀਟਲ ਮੀਡੀਆ ਲਈ ਦਿਸ਼ਾ-ਨਿਰਦੇਸ਼ਾਂ 'ਚ ਸੋਧਾਂ ਦਾ ਜੋ ਖਰੜਾ ਪੇਸ਼ ਕੀਤਾ ਗਿਆ ਹੈ, ਉਹ ਸਰਕਾਰ ਨੂੰ ਕਿਸੇ ਵੀ ਅਜਿਹੀ ਸਮੱਗਰੀ ਨੂੰ ਰੋਕਣ ਦਾ ਅਧਿਕਾਰ ਦਿੰਦਾ, ਜੋ ਉਸ ਨੂੰ ਪਸੰਦ ਨਾ ਹੋਵੇ।

ਦੂਜੇ ਸ਼ਬਦਾਂ 'ਚ, ਬਾਕੀ ਭਾਰਤ ਵੀ ਉਸੇ ਤਰ੍ਹਾਂ ਦਾ ਨਜ਼ਰ ਆਉਣਾ ਸ਼ੁਰੂ ਹੋ ਜਾਵੇਗਾ, ਜੋ ਹਾਲਾਤ ਹੁਣ ਕਸ਼ਮੀਰ ਦੇ ਹਨ।

2019 'ਚ ਮਿਸਟਰ ਮੋਦੀ ਦੀ ਸਰਕਾਰ ਨੇ ਰਾਜ ਦੇ ਲੋਕਾਂ ਦੀ ਰਾਇ ਲਏ ਬਿਨਾਂ ਹੀ ਅਚਾਨਕ ਕਸ਼ਮੀਰ ਦਾ ਖ਼ੁਦਮੁਖਤਿਆਰੀ ਦਾ ਦਰਜਾ ਰੱਦ ਕਰ ਦਿੱਤਾ ਸੀ, ਆਪਣਾ ਫ਼ੈਸਲਾ ਥੋਪਣ ਲਈ ਹਜ਼ਾਰਾਂ ਹੋਰ ਫ਼ੌਜੀ ਦਸਤੇ ਭੇਜ ਦਿੱਤੇ ਸਨ ਅਤੇ ਇੰਟਰਨੈੱਟ ਸੇਵਾਵਾਂ ਠੱਪ ਕਰ ਦਿੱਤੀਆਂ ਗਈਆਂ ਸਨ। ਸਰਕਾਰ ਵੱਲੋਂ ਥੋਪਿਆ ਇਹ ਬੰਦ ਲੱਗਭੱਗ ਛੇ ਮਹੀਨੇ ਤੱਕ ਚੱਲਿਆ ਅਤੇ ਸੈਂਕੜੇ ਪੱਤਰਕਾਰਾਂ ਨੂੰ ਆਪਣੀਆਂ ਖ਼ਬਰਾਂ ਭੇਜਣ ਲਈ ਸਰਕਾਰ ਵੱਲੋਂ ਤੈਅ ਕੀਤੀ ਇਕਲੌਤੀ ਜਗ੍ਹਾ ਉੱਪਰ ਘੰਟਿ

9-April-Sunday.qxd 4/8/2023 9:37 PM Page 2

ਕਾਮਰੇਡ ਹਰਦੇਵ ਅਰਸ਼ੀ ਆਮ ਲੋਕਾਂ ਵਿੱਚ ਵਿਚਰਦਾ ਹੈ, ਉਹਨਾਂ ਦੇ ਹੱਕਾਂ ਲਈ ਲੜਦਾ, ਖੜ੍ਹਦਾ ਤੇ ਅੜਦਾ ਹੈ। ਲਗਾਤਾਰ ਇੱਕ ਦਹਾਕਾ ਉਸ ਨੇ ਬੇ-ਅਵਾਜ਼ਿਆਂ ਦੀ ਆਵਾਜ਼ ਪੰਜਾਬ ਵਿਧਾਨ ਸਭਾ 'ਚ ਬੁਲੰਦ ਕੀਤੀ। ਉਸ ਦੇ ਲੋਕ-ਸੰਘਰਸ਼ਾਂ ਲਈ ਸਮਰਪਤ ਜੀਵਨ ਦੀ ਗਾਥਾ ਪੰਜਾਬ ਦੇ ਨਾਮਵਰ ਗਲਪਕਾਰ ਜਸਪਾਲ ਮਾਨਖੇੜਾ ਨੇ 'ਰੋਹੀ ਦਾ ਲਾਲ' ਨਾਮੀ ਪੁਸਤਕ ਵਿੱਚ ਕਲਮਬੱਧ ਕੀਤੀ ਹੈ। ਇਹ ਪੁਸਤਕ ਜੀਵਨੀ ਹੁੰਦੀ ਹੋਈ ਵੀ ਸਿਰਫ 'ਜੀਵਨੀ' ਦੀ ਪਰਿਭਾਸ਼ਾ ਤੱਕ ਸੀਮਤ ਨਹੀਂ, ਸਗੋਂ ਇਸ ਤੋਂ ਕਿਤੇ ਅਗੇਰੇ ਹੈ। ਅਸੀਂ 'ਨਵਾਂ ਜ਼ਮਾਨਾ' (ਐਤਵਾਰਤਾ) ਦੇ ਅੰਕ ਵਿੱਚ ਉਸ ਕਿਤਾਬ ਦਾ ਇੱਕ ਅੰਸ਼ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। ਸਾਡਾ ਯਕੀਨ ਹੈ ਕਿ ਇਸ ਨੂੰ ਪੜ੍ਹਦਿਆਂ ਪਾਠਕ ਨੂੰ ਕਿਤਾਬ ਦੀ ਬੇਸਬਰੀ ਨਾਲ ਉਡੀਕ ਰਹੇਗੀ।

- ਸੰਪਾਦਕ

ਰੋਹੀ ਦਾ ਲਾਲ ਹਰਦੇਵ ਅਰਸ਼ੀ

ਰੋਹੀ ਦਾ ਲਾਲ

ਜਸਪਾਲ ਮਾਨਖੇੜਾ

ਇਸ ਤਰ੍ਹਾਂ ਪਰਵਾਰ ਨਾਲ ਹਰਦੇਵ ਦਾ ਦੋ-ਢਾਈ ਸਾਲ ਖਿਚਾਓ ਅਤੇ ਲੁਕਣਮੀਚੀ ਜਾਰੀ ਰਹੀ, ਜੋ ਅਜੇ ਹਰਦੇਵ ਅਰਸ਼ੀ ਨਹੀਂ ਸੀ ਬਣਿਆ। ਘਰ ਦੇ ਕਿਸੇ ਵੀ ਕੀਮਤ 'ਤੇ ਪਸੰਦ ਨਹੀਂ ਸੀ ਕਰਦੇ ਕਿ ਉਨ੍ਹਾਂ ਦਾ ਮੁੰਡਾ ਕਮਿਊਨਿਸਟਾਂ ਨਾਲ ਰਲ਼ੇ। ਹਰਦੇਵ ਨੂੰ ਘਰ ਦੇ ਦੇਵ ਕਹਿੰਦੇ ਸਨ। ਮਾਂ ਉਸ ਨੂੰ ਮੀਠਾ ਕਹਿੰਦੀ ਹੁੰਦੀ ਸੀ, 'ਇਹ ਤਾਂ ਮੇਰਾ ਮੀਠਾ ਪੁੱਤ ਐ।' ਕਦੇ-ਕਦੇ ਬੁਲਾਉਣ ਵੇਲੇ ਕਹਿ ਦਿੰਦੀ, 'ਵੇ ਮੀਠਿਆ ਉਰ੍ਹੇ ਆ ਵੇ।' ਦੇਵ ਘਰ ਵਿੱਚ ਵੱਡਾ ਸੀ। ਮਾਂ-ਬਾਪ ਨੂੰ ਆਸ ਹੁੰਦੀ ਐ ਕਿ ਵੱਡਾ ਮੁੰਡਾ ਘਰ ਦੀ ਜ਼ਿੰਮੇਵਾਰੀ ਸਾਂਭੇ। ਬਜ਼ੁਰਗਾਂ ਨੂੰ ਹੁੰਦਾ ਹੈ ਕਿ ਘਰ ਦਾ ਭਾਰ ਅਸੀਂ ਕਿੰਨਾ ਕੁ ਚਿਰ ਚੁੱਕਾਂਗੇ। ਮਾਪਿਆਂ ਨੂੰ ਦੇਵ ਦੀ ਪੜ੍ਹਾਈ ਦੀ ਵੀ ਚਿੰਤਾ ਸੀ ਕਿ ਇਹਨੇ ਅਨਪੜ੍ਹ ਰਹਿ ਜਾਣੈ, ਡਰਾਮਿਆਂ ਜੋਗਰਾ। ਨਾ ਇਹਨੇ ਪੜ੍ਹਨੈ, ਨਾ ਕੁਛ ਬਣਨੈ।

ਉਦੋਂ ਦਾਤੇਵਾਸ ਪਿੰਡ ਤੋਂ ਜਾਣ ਲਈ ਬੱਸਾਂ ਨਹੀਂ ਸਨ। ਮੁੱਖ ਸਾਧਨ ਰੇਲ ਗੱਡੀ ਸੀ। ਦਾਤੇਵਾਸ ਤੋਂ ਤਿੰਨ ਟਰੇਨਾਂ ਮਾਨਸਾ ਨੂੰ ਜਾਂਦੀਆਂ ਸਨ ਤੇ ਤਿੰਨ ਹੀ ਦਿੱਲੀ ਵਾਲੇ ਪਾਸੇ ਨੂੰ ਜਾਂਦੀਆਂ ਸਨ। ਉਨ੍ਹੀਂ ਭੱਜ-ਭਜਾਈ ਦੇ ਦਿਨੀਂ ਵਾਪਰੀਆਂ ਘਟਨਾਵਾਂ ਹਰਦੇਵ ਅਰਸ਼ੀ ਅਕਸਰ ਹੀ ਸੁਣਾਉਂਦੇ ਹੁੰਦੇ ਹਨ। ਮੈਂ ਉਨ੍ਹਾ ਤੋਂ ਇਹ ਕਈ ਵਾਰ ਸੁਣੀਆਂ ਨੇ। ਉਨ੍ਹਾ ਦੇ ਹੋਰ ਸਾਥੀਆਂ ਨੇ ਵੀ ਸੁਣੀਆਂ ਹੋਣਗੀਆਂ। ਅਗਲਾ ਬਿਰਤਾਂਤ ਆਪਾਂ ਉਨ੍ਹਾ ਦੇ ਮੂੰਹੋਂ, ਉਨ੍ਹਾ ਦੇ ਸ਼ਬਦਾਂ ਵਿੱਚ ਸੁਣਾਂਗੇ, ਜੋ ਇਉਂ ਹੈ:

'ਜਾਣ ਦਾ ਪ੍ਰੋਗਰਾਮ ਮੇਰਾ ਤੈਅ ਸੀ। ਮੈਂ ਇਸ ਹਿਸਾਬ ਨਾਲ ਘਰੋਂ ਖਿਸਕਿਆ ਕਿ ਭੱਜ ਕੇ ਸ਼ਾਮ 6 ਵਜੇ ਵਾਲੀ ਟਰੇਨ ਫੜ ਸਕਾਂ। ਪਿਤਾ ਜੀ ਨੂੰ ਮੈਨੂੰ ਫੜਨ ਦਾ ਮੌਕਾ ਨਾ ਮਿਲ ਸਕੇ। ਜਦੋਂ ਮੈਂ ਦਾਤੇਵਾਸ ਪਿੰਡ ਦੇ ਸਟੇਸ਼ਨ 'ਤੇ ਆਇਆ ਤਾਂ ਗੱਡੀ ਅੱਧਾ ਘੰਟਾ ਲੇਟ ਸੀ। ਮੇਰੀ ਘਬਰਾਹਟ ਵਧ ਗਈ। ਮੈਂ ਸੋਚਿਆ ਅੱਧੇ ਘੰਟੇ 'ਚ ਗੱਡੀ ਆਉਣ ਤੱਕ ਤਾਂ ਘਰੇ ਪਤਾ ਲੱਗਜੂ। ਇੱਥੋਂ ਧੂਹ ਕੇ ਲੈ ਜਾਣਗੇ। ਮੈਂ ਸਟੇਸ਼ਨ ਤੋਂ ਰੇਲ ਦੀ ਪਟੜੀ ਦੇ ਨਾਲ-ਨਾਲ ਭੱਜ ਲਿਆ। ਇਹ ਸੋਚ ਕੇ ਕਿ ਬੁਲ੍ਹਾਡੇ ਤੋਂ ਜਾ ਕੇ ਗੱਡੀ ਚੜ੍ਹ ਜਾਊਂ। ਮੈਂ ਅਜੇ ਦਾਤੇਵਾਸ ਅਤੇ ਬੁਢਲਾਡੇ ਦੇ ਵਿਚਾਲ਼ੇ ਹੀ ਸੀ ਕਿ ਪਿੱਛੋਂ ਟਰੇਨ ਆ ਗਈ ਤੇ ਸ਼ੂੰਅ ਕਰਕੇ ਮੇਰੇ ਕੋਲੋਂ ਲੰਘ ਗਈ। ਮੈਨੂੰ ਚਿੰਤਾ ਲੱਗੀ। ਜੇ ਘਰੇ ਮੁੜਿਆ ਤਾਂ ਛਿੱਤਰ-ਪਰੇਡ ਹੋਊ। ਹੁਣ ਰਾਤ ਨੂੰ ਟਰੇਨ ਆਊ। ਰਾਤ ਨੂੰ ਸਫ਼ਰ ਕਦੇ ਕੀਤਾ ਨ੍ਹੀਂ ਸੀ। ਡਰ ਲੱਗਦਾ ਸੀ, ਕਿਵੇਂ ਮਾਨਸਾ ਪੁੱਜਾਂਗਾ। ਬੁਲ੍ਹਾਡੇ ਰਾਤ ਸਰਾਂ ਵਿੱਚ ਕੱਟੀ। ਥੋੜ੍ਹੀ-ਥੋੜ੍ਹੀ ਠੰਢ ਸੀ। ਕੋਲ ਨਾ ਕੱਪੜਾ ਨਾ ਪੈਸਾ। ਸੁਬ੍ਹਾ ਬਿਨਾਂ ਚਾਹ ਪੀਤਿਆਂ ਸਵਾ ਛੇ ਵਾਲੇ ਡੱਬੇ 'ਤੇ ਚੜ੍ਹਨ ਲਈ ਬੁਲ੍ਹਾਡੇ ਸਟੇਸ਼ਨ 'ਤੇ ਗਿਆ। ਮੈਂ ਜਿਸ ਡੱਬੇ ਵਿੱਚ ਚੜ੍ਹਨ ਵਾਸਤੇ ਡੰਡੇ ਨੂੰ ਹੱਥ ਪਾਇਆ ਸੀ, ਉਸੇ ਡੱਬੇ 'ਚੋਂ ਬਾਪੂ ਉਤਰ ਰਿਹਾ ਸੀ। ਉੱਥੇ ਹੀ ਜ਼ੋਰ ਦੀ ਲੱਤ ਮਾਰ ਕੇ ਹੇਠਾਂ ਸੁੱਟ ਦਿੱਤਾ। ਫੜ ਕੇ ਚੰਗੀ ਕੁੱਟਮਾਰ ਕੀਤੀ। ਸਟੇਸ਼ਨ ਤੋਂ ਘਸੀਸ ਕੇ ਰੇਲਵੇ ਚੌਕ ਵਿੱਚ ਲੈ ਆਏ। ਉੱਥੇ ਚੌਕ ਵਿੱਚ ਬਾਪੂ ਨੇ ਫੇਰ ਢਾਹ ਲਿਆ। ਉੱਥੇ ਫੇਰ ਖੂਬ ਤੌਣੀ ਲਾਈ, ਜਿੱਥੇ ਬਾਅਦ 'ਚ ਲੀਡਰ ਬਣ ਮੈਂ ਅਨੇਕਾਂ ਜਲਸਿਆਂ ਨੂੰ ਸੰਬੋਧਨ ਕੀਤਾ।'

ਕਾਮਰੇਡ ਹਰਦੇਵ ਅਰਸ਼ੀ ਲੜੀ ਅੱਗੇ ਤੋਰਦੇ ਨੇ—ਮੈਨੂੰ ਯਾਦ ਐ, ਜਦੋਂ ਬਾਪੂ ਜੀ ਮੈਨੂੰ ਕੁੱਟ ਰਹੇ ਸਨ ਤਾਂ ਇੱਕ ਨਿਹੰਗ ਸਿੰਘ ਨੇ ਦੂਰੋਂ ਲਲਕਾਰਾ ਮਾਰ ਕੇ ਕਿਹਾ ਸੀ, 'ਜਵਾਕ ਨੂੰ ਕਿਉਂ ਕੁੱਟ ਰਿਹਾ ਐਂ? ਏਹਨੂੰ ਮਾਰਨਾ ਤਾਂ ਨ੍ਹੀਂ?'

'ਏਹ ਜੀ ਬਹੁਤ ਵਿਗੜਿਆ ਹੋਇਐ। ਘਰੋਂ ਭੱਜ ਕੇ ਕੋਮਨਿਸਟਾਂ ਨਾਲ ਡਰਾਮੇ ਕਰਨ ਜਾਂਦੈ। ਕੋਮਨਿਸਟ ਚੀਨ ਦੇ ਪਿੱਠੂ ਨੇ...!'

'ਜੇ ਏਹ ਗੱਲ ਐ ਤਾਂ ਫੇਰ ਚੰਗੀ ਤਰ੍ਹਾਂ ਬੜ੍ਹਕਾਅ... ਏਹ ਫੇਰ ਹਟੂਗਾ।' ਨਿਹੰਗ ਵੀ ਮੇਰੇ ਦੁਆਲੇ ਜੁੜੀ ਭੀੜ ਵਿੱਚ ਖੜ੍ਹ ਕੇ 'ਤਮਾਸ਼ਾ' ਵੇਖਣ ਲੱਗਾ।

ਚੰਗੀ ਤਰ੍ਹਾਂ ਮੁਰੰਮਤ ਕਰਨ ਬਾਅਦ ਪਿਤਾ ਜੀ ਨੇ ਮੈਨੂੰ ਪਹਿਲਾਂ ਚਾਹ ਪਿਆਈ ਤੇ ਫਿਰ ਮੂਹਰੇ ਲਾਇਆ ਤੇ ਪਿੰਡ ਲੈ ਆਇਆ। ਅੱਗੇ ਮਾਤਾ ਵੀ ਤਪੀ ਬੈਠੀ ਸੀ। ਕਹਿਣ ਲੱਗੀ, 'ਵੇ, ਬੂਹ ਵੇ ਮੈਂ ਮਰਜਾਂ ਮੀਠੇ, ਕੀ ਲੱਛਣ ਫੜੇ ਨੇ। ਏਹਦੇ ਰੋਜ਼ ਦੇ ਕਲੇਸ਼ ਨੇ ਦੁਖੀ ਕਰਤੇ। ਤੈਥੋਂ ਇਹਦੀ ਚੰਗੀ ਤਰ੍ਹਾਂ ਸੇਵਾ ਨ੍ਹੀਂ ਹੁੰਦੀ। ਏਹਦੀ ਲੱਤ-ਬਾਂਹ ਤੋੜ, ਏਹ ਤਾਂ ਹਟੂਗਾ ਕੁੱਤਖਾਨੇ ਤੋਂ...।'

ਮਾਂ ਦਾ ਭੜਕਾਇਆ ਬਾਪੂ ਫੇਰ ਡਹਿ ਪਿਆ, ਪਰ ਮਾਂ ਦੀ ਮਮਤਾ ਤਾਂ ਮਮਤਾ ਹੀ ਹੁੰਦੀ ਹੈ। ਉਸੇ ਮਾਂ ਨੇ ਮੈਨੂੰ ਬਾਪੂ ਦੇ ਹੇਠੋਂ ਕੱਢਿਆ ਤੇ ਬੋਲੀ, 'ਬੱਸ ਕਰ ਹੁਣ... ਮਾਰਨਾ ਤਾਂ ਨ੍ਹੀਂ ਜਵਾਕ। ਬਥੇਰੀ ਕੁੱਤੇਖਾਣੀ ਹੋਗੀ, ਏਹਦੇ ਨਾਲ। ਸੁਧਰਜੂਗਾ, ਹੁਣ ਨ੍ਹੀਂ ਜਾਂਦਾ...। ਹੁਣ ਨਾ ਜਾਈਂ ਵੇ ਦੇਵ, ਕਿਉਂ ਰੋਜ਼ ਛਿੱਤਰ ਖਾਨੈਂ।'

ਬਾਪੂ ਰੁਕ ਗਿਆ ਤੇ ਛੋਟੇ ਨੂੰ ਕਹਿੰਦਾ, 'ਤੂੰ ਚੌਵੀ ਘੰਟੇ ਏਹਦੇ ਨਾਲ ਰਹੀਂ। ਏਹ ਜਦੋਂ ਵੀ ਤੈਥੋਂ ਦੂਰ ਹੋਵੇ, ਤਾਂ ਸਾਨੂੰ ਦੱਸੀਂ।'

ਅਗਲਾ ਬਿਰਤਾਂਤ ਵੀ ਕਾਮਰੇਡ ਅਰਸ਼ੀ ਦੇ ਸ਼ਬਦਾਂ 'ਚ ਸੁਣੋ—

ਛੋਟੇ ਭਰਾ ਦੀ ਸੀ ਆਈ ਡੀ ਮੇਰੇ 'ਤੇ ਬਹਾ ਦਿੱਤੀ। ਮੈਂ ਸਿਰ ਸੁੱਟ ਕੇ ਫਿਰਦਾ ਰਿਹਾ। ਦਿਨ ਲੰਘਦੇ ਗਏ। ਪਾਰਟੀ ਨਾਲੋਂ ਮੇਰਾ ਸੰਪਰਕ ਟੁੱਟ ਗਿਆ। ਅਗਲੇ ਪ੍ਰੋਗਰਾਮਾਂ ਦੀ ਕੋਈ ਜਾਣਕਾਰੀ ਨਾ ਮਿਲਦੀ। ਮੈਂ ਛੋਟੇ ਭਰਾ ਨੂੰ ਵਡਿਆਉਣ ਦੀ ਕੋਸ਼ਿਸ਼ ਕਰਦਾ, ਪਰ ਉਹ ਮੇਰੇ ਮਗਰ ਹੀ ਰਹਿੰਦਾ। ਇੱਕ ਵਾਰ ਕਿਸੇ ਤਰ੍ਹਾਂ ਮੈਨੂੰ ਪਾਰਟੀ ਦੇ ਪ੍ਰੋਗਰਾਮ ਦਾ ਪਤਾ ਲੱਗ ਗਿਆ। ਮੈਂ ਸੋਚਿਆ ਛੋਟੇ ਦਾ ਕੀ ਇੰਤਜ਼ਾਮ ਕਰਾਂ। ਉਸ ਵੇਲੇ ਕੱਚ ਦੀਆਂ ਗੋਲੀਆਂ ਖੇਡਣ ਦਾ ਬਹੁਤ ਸ਼ੌਕ ਹੁੰਦਾ ਸੀ। ਮੈਂ ਕਿਸੇ ਤਰ੍ਹਾਂ ਦਸ-ਪੰਦਰਾਂ ਬੰਟਿਆਂ ਦਾ ਪ੍ਰਬੰਧ ਕੀਤਾ। ਮੈਂ ਛੋਟੇ ਭਰਾ ਨੂੰ ਬੰਟੇ ਦਿੱਤੇ। ਉਸ ਨੂੰ ਝਕਾਨੀ ਦੇ ਕੇ, ਦੁਪਹਿਰ ਵਾਲੀ ਟਰੇਨ ਫੜੀ ਅਤੇ ਪੱਤਰੇ ਵਾਚ ਗਿਆ। ਮਾਨਸਾ ਪਾਰਟੀ ਦੇ ਡ ਰਾਮਾ ਸਕੂਐਡ ਦੇ ਸਾਥੀਆਂ ਨੂੰ ਜਾ ਮਿਲਿਆ। ਓਧਰ ਘਰਦਿਆਂ ਨੇ ਫ਼ੈਸਲਾ ਕਰ ਲਿਆ। ਮੇਰੀ ਮਾਤਾ ਕਹਿੰਦੀ, 'ਏਹ ਐਂ ਨ੍ਹੀਂ ਸੂਤ ਆਉਂਦਾ। ਏਹਨੂੰ ਏਹਦੇ ਨਾਨਕੀਂ ਛੱਡ ਦਿਓ। ਉਹ ਏਹਦੀ ਲੱਤ-ਬਾਂਹ ਤੋੜ ਕੇ ਤੀਰ ਵਾਂਗੂੰ ਸਿੱਧਾ ਕਰ ਦੇਣਗੇ। ਮੇਰੀ ਉਨ੍ਹਾਂ ਨਾਲ ਗੱਲ ਹੋ ਗਈ ਐ। ਓਥੇ ਏਹ 'ਰਾਮ ਨਾਲ ਟਿਕਜੂਗਾ। ਰੋਜ਼ ਦਾ ਸਿਆਪਾ ਮੁੱਕੂ।'

ਪ੍ਰੋਗਰਾਮ ਤੋਂ ਬਾਅਦ ਮੈਂ ਪਿੰਡ ਆਇਆ ਤਾਂ ਬਾਪੂ ਨੇ ਦੋ ਵਾਲੀ ਟਰੇਨ ਚੜ੍ਹਾ ਲਿਆ। ਬੁਲ੍ਹਾਡੇ ਤੋਂ ਚਾਰ-ਪੰਜ ਕਿਲੋਮੀਟਰ ਰੇਲਵੇ ਸਟੇਸ਼ਨ ਨਰਿੰਦਰਪੁਰਾ ਆਉਂਦੈ। ਮੇਰੇ ਨਾਨਕੇ ਪਿੰਡ ਪਿੱਪਲੀਆਂ ਨੂੰ ਉੱਥੋਂ ਉਤਰ ਕੇ ਜਾਇਆ ਜਾਂਦੈ। ਮੇਰੇ ਮਨ ਵਿੱਚ ਧੁੜਕੂ ਸੀ ਕਿ ਜੇ ਮੈਂ ਮਾਮਿਆਂ ਦੇ ਵੱਸ ਪੈ ਗਿਆ, ਤਾਂ ਉਹ ਮੇਰੀ ਲੱਤ-ਬਾਂਹ ਤੋੜ ਦੇਣਗੇ। ਮੈਂ ਮਿਥ ਲਿਆ ਕਿ ਉੱਥੋਂ ਜਾਣ ਤੋਂ ਖਹਿੜਾ ਛੁਡਾਇਆ ਜਾਵੇ। ਗੱਡੀ ਵਿੱਚ ਭੀੜ ਸੀ। ਅਸੀਂ ਬਾਰੀ ਕੋਲ ਖੜ੍ਹੇ ਸੀ, ਜਿੱਥੇ ਲੈਟਰੀਨਾਂ ਬਣੀਆਂ ਹੁੰਦੀਆਂ ਹਨ। ਜਦੋਂ ਗੱਡੀ ਨਰਿੰਦਰਪੁਰੇ ਤੋਂ ਪਿੱਛੇ ਸੀ, ਤਾਂ ਮੈਂ ਇੱਕ ਟਾਇਲੈੱਟ ਵਿੱਚ ਵੜ ਕੇ ਅੰਦਰੋਂ ਕੁੰਡੀ ਲਾ ਲਈ। ਬਾਪੂ ਨੇ ਬਾਰੀ ਭੰਨਣ ਦੀ, ਡਰਾਉਣ ਦੀ ਬਥੇਰੀ ਕੋਸ਼ਿਸ਼ ਕੀਤੀ, ਪਰ ਮੈਂ ਮਨ ਪੱਕਾ ਕਰ ਲਿਆ। ਬਾਅਦ 'ਚ ਪੈਣਗੀਆਂ ਤਾਂ ਬਹੁਤ, ਦਰਵਾਜ਼ਾ ਨਹੀਂ ਖੋਲ੍ਹਣਾ। ਜਦੋਂ ਗੱਡੀ ਨਰਿੰਦਰਪੁਰਾ ਲੰਘ ਗਈ, ਤਾਂ ਮੈਂ ਮਨ ਕਰੜਾ ਕਰਕੇ ਕੁੰਡੀ ਖੋਲ੍ਹ ਦਿੱਤੀ। ਬੱਸ... ਫੇਰ ਕੀ ਸੀ, ਗੱਡੀ 'ਚ ਗਿੱਦੜਕੁੱਟ ਹੋਈ। ਮਾਨਸਾ ਗੱਡੀ 'ਚੋਂ ਉਤਾਰ ਕੇ ਬਾਪੂ ਜੀ ਮੈਨੂੰ ਸਾਡੇ ਰਿਸ਼ਤੇਦਾਰਾਂ ਦੇ ਘਰ ਲੈ ਗਏ। ਉੱਥੇ ਵੀ ਬਥੇਰਾ ਕਚ੍ਚੀਰਾ ਹੋਇਆ। ਤਾਇਆ ਜੀ ਕਹਿਦੇ, 'ਏਹਨੂੰ ਏਥੋਂ ਹੀ ਕੁੱਟਦੇ-ਕੁੱਟਦੇ ਏਹਦੇ ਨਾਨਕੀਂ ਪਿੱਪਲੀਆਂ ਪੈਦਲ ਹੀ ਛੱਡ ਆਉਨੇ ਆਂ।'

'ਤੁਸੀਂ ਜਵਾਕ ਨਾਲ ਐਂ ਨਾ ਕਰੋ। ਜੇ ਪਿਆਰ ਨਾਲ ਸਮਝਦੈ ਤਾਂ ਸਮਝਾ ਲਓ, ਪਰ ਮੈਨੂੰ ਲੱਗਦੈ ਏਹ ਹਟਦਾ ਤਾਂ ਹੈ ਨ੍ਹੀਂ। ਜਿੰਨੀ ਛਿਤਰੌਲ ਏਹਦੀ ਹੋਈ ਐ, ਨਕਰਮੇ ਦੀ, ਜੇ ਸੁਧਰਨਾ ਹੁੰਦਾ ਤਾਂ ਸੁਧਰ ਜਾਂਦਾ। ਏਹਨੇ ਪੱਕਾ 'ਰਾਦਾ ਧਾਰ ਲਿਐ। ਸੋਨੂੰ ਹੀ ਮਨ ਸਮਝਾਉਣਾ ਪਊ।' ਤਾਈ ਨੇ ਵਿੱਚ ਦਖ਼ਲ ਦਿੱਤਾ।

ਤਾਈ ਜੀ ਦੀਆਂ ਗੱਲਾਂ ਨੇ ਮੈਨੂੰ ਬਹੁਤ ਰਾਹਤ ਦਿੱਤੀ। ਸ਼ਾਮ ਨੂੰ ਜਦੋਂ ਮੈਨੂੰ ਡੱਬੇ 'ਤੇ (ਪਿੰਡ ਨੂੰ ਜਾਣ ਵਾਲੀ ਆਖ਼ਰੀ ਗੱਡੀ ਨੂੰ ਡੱਬਾ ਕਿਹਾ ਜਾਂਦਾ ਸੀ), ਪਿੰਡ ਲਿਆਉਣ ਲੱਗੇ, ਤਾਂ ਸਬੱਬੀਂ ਸਟੇਸ਼ਨ 'ਤੇ ਕਾਮਰੇਡ ਬੂਟਾ ਸਿੰਘ ਤੇ ਸਾਡੇ ਪਿੰਡ ਵਾਲਾ ਕ੍ਰਿਸ਼ਨ ਸਿੱਧੂ ਮਿਲ ਗਏ। ਕਾਮਰੇਡ ਬੂਟਾ ਸਿੰਘ ਸਖ਼ਤ ਤਾੜਨਾ ਨਾਲ ਬਾਪੂ ਜੀ ਨੂੰ ਕਹਿੰਦਾ, 'ਇਹ ਨਿਆਣਾ ਸੀ। ਅਸੀਂ ਵੀ ਚਾਹੁੰਦੇ ਸੀ ਆਵਦੇ ਘਰੇ ਰਹੇ, ਪਰ ਐਨਾ ਸਮਾਂ ਹੋ ਗਿਆ, ਤੁਸੀਂ ਜਵਾਕ ਦੀ ਰੋਜ਼ ਕੁੱਟਮਾਰ ਕਰਦੇ ਹੋਂ, ਅਸੀਂ ਬੋਲੇ ਨਹੀਂ। ਅੱਗੇ ਤੋਂ ਖਬਰਦਾਰ ਜੇ ਜਵਾਕ ਨੂੰ ਕੁਛ ਕਿਹੈ। ਆਹ ਖੜ੍ਹੈ ਹਰਦੇਵ ਏਹਦੇ ਹੱਥ ਲਾ ਕੇ ਵਿਖਾਓ। ਅਸੀਂ ਥੋਡੇ ਨਾਲ ਫ਼ੈਸਲਾ ਕਰ ਲੈਨੇ ਆਂ। ਏਹ ਪਾਰਟੀ ਦੇ ਪ੍ਰੋਗਰਾਮਾਂ 'ਤੇ ਆਇਆ ਕਰੂਗਾ। ਜਦੋਂ ਪ੍ਰੋਗਰਾਮ ਨਾ ਹੋਊ ਤਾਂ ਏਹ ਆਪਣੇ ਆਪ ਘਰੇ ਜਾਇਆ ਕਰੂ। ਥੋਨੂੰ ਆ ਕੇ ਲੱਭਣ ਦੀ ਜ਼ਰੂਰਤ ਨਹੀਂ।' ਅੱਧ ਮੰਨੇ ਜੇ ਮਨ ਨਾਲ ਬਾਪੂ ਨੇ ਹਾਂ ਕਰ ਲਈ। ਉਸ ਤੋਂ ਬਾਅਦ ਮੈਨੂੰ ਆਗਿਆ ਮਿਲ ਜਾਇਆ ਕਰੇ। ਘਰੋਂ ਜਾਂਦੇ ਨੂੰ ਘਰ ਦੇ ਕਿਹਾ ਕਰਨ, 'ਕਿੰਨੇ ਦਿਨ ਲਾਏਂਗਾ? ਕਦੋਂ ਆਜੇਂਗਾ? ਕਦੋਂ ਮੁੱਕੂਗਾ ਏਹ? ਏਹ ਪੱਕਾ ਪਤੈ ਕਿ ਮੁੜ ਆਮੇਂਗਾ? ਤੇਰਾ ਭਰੋਸਾ ਤਾਂ ਹੈ ਨ੍ਹੀਂ!'

'ਏਸ ਤੋਂ ਬਾਅਦ ਮੇਰੇ 'ਤੇ ਸਖਤਾਈ ਘਟ ਗਈ, ਪਰ ਅੰਦਰੋ-ਅੰਦਰੀ ਘਰਦੇ ਦੁਖੀ ਬਹੁਤ ਰਹੇ। ਉਸ ਤੋਂ ਬਾਅਦ ਮੇਰੀਆਂ ਵਾਗਾਂ ਖੁੱਲ੍ਹੀਆਂ ਹੋ ਗਈਆਂ। ਮੈਨੂੰ ਪਾਰਟੀ ਵਿੱਚ ਕੰਮ ਕਰਨ ਦਾ ਅਵਸਰ ਪ੍ਰਾਪਤ ਹੋ ਗਿਆ।'

ਇਹ ਸਾਰਾ ਘਟਨਾਕ੍ਰਮ ਸੁਣਾਉਂਦਿਆਂ ਕਾਮਰੇਡ ਅਰਸ਼ੀ ਦੇ ਚਿਹਰੇ 'ਤੇ ਕਈ ਰੰਗ ਆਉਂਦੇ ਜਾਂਦੇ ਹਨ। ਕਦੇ ਉਹ ਚੁਲਬਲਾ ਬਾਲਕ ਗਾਇਕ ਲੱਗਦੇ ਹਨ, ਕਦੇ ਉਤਸ਼ਾਹ, ਬੇਬਸੀ, ਮਜਬੂਰੀ, ਰੋਣੀ ਸੂਰਤ, ਅੱਖਾਂ ਦੇ ਕੋਏ ਸਿੱਲ੍ਹੇ ਹੋ ਜਾਂਦੇ ਹਨ। ਕਦੇ ਗੁੱਸਾ, ਰੰਜ, ਖ਼ੁਸ਼ੀ ਤੇ ਸਵੈ-ਵਿਸ਼ਵਾਸ ਝਲਕਦਾ ਹੈ।

ਸੱਚਮੁੱਚ ਹੀ ਕਾਮਰੇਡ ਹਰਦੇਵ ਅਰਸ਼ੀ ਕਈ ਰੰਗਾਂ ਦਾ ਮਿਸ਼ਰਣ ਹਨ।

ਅਗਲੇ ਚੈਪਟਰਾਂ ਵਿੱਚ ਆਪਾਂ ਉਨ੍ਹਾਂ ਦੇ ਅਨੇਕਾਂ ਰੰਗਾਂ ਦੇ ਰੂ-ਬ-ਰੂ ਹੋਵਾਂਗੇ।

***

ਹਰ ਸਾਲ ਦੀ ਤਰ੍ਹਾਂ ਸੰਨ 1964 ਵਿੱਚ ਵੀ ਵਿਸਾਖੀ ਦੇ ਮੌਕੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੀ ਕਾਨਫ਼ਰੰਸ ਹੋਈ। ਡਰਾਮਾ ਸਕੂਐਡ ਵਾਲਿਆਂ ਨੇ ਕਾਨਫ਼ਰੰਸ ਅਤੇ ਡਰਾਮੇ ਤੋਂ ਬਾਅਦ ਅੱਧੀ ਰਾਤ ਨੂੰ ਕਾਮਰੇਡ ਜੱਗਰ ਦੇ ਘਰ ਨੂੰ ਚਾਲੇ ਪਾ ਦਿੱਤੇ। ਡਰਾਮਾ ਸਕੂਐਡ ਦੇ ਕਲਾਕਾਰ ਗੁਰਦਿਆਲ ਸਿੰਘ ਖਿਆਲਾ, ਨੰਦ ਸਿੰਘ ਮੀਰਪੁਰ, ਅਜੈਬ ਸਿੰਘ ਸਿਵੀਆਂ ਨਾਲ ਹਰਦੇਵ ਅਰਸ਼ੀ ਵੀ ਸੀ। ਉਨ੍ਹਾਂ ਡਰਾਮਾ ਸਕੂਐਡ ਦੇ ਸਮਾਨ ਵਾਲਾ ਭਾਰੀ ਟਰੰਕ ਹਰਦੇਵ ਅਰਸ਼ੀ ਦੇ ਸਿਰ 'ਤੇ ਧਰ ਦਿੱਤਾ, ਜਿਸ ਦੀ ਉਮਰ ਉਦੋਂ 14-15 ਸਾਲ ਸੀ। ਬਾਲਪਨ ਟੱਪ ਰਹੇ ਲੜਕੇ ਤੋਂ ਭਾਰ ਚੱਕ ਨਹੀਂ ਸੀ ਹੋ ਰਿਹਾ। ਉਸ ਨੇ ਟਰੰਕ ਫੜਨ ਲਈ ਸਾਥੀਆਂ ਦੇ ਮਿੰਨਤਾਂ-ਤਰਲੇ ਕੀਤੇ, ਪਰ ਉਨ੍ਹਾਂ ਕਿਸੇ ਨੇ ਵੀ ਟਰੰਕ ਨਾ ਫੜਿਆ। ਉਸ ਦੀ ਧੌਣ ਟੁੱਟਣ ਵਾਲੀ ਹੋ ਗਈ। ਬੜਾ ਔਖਾ ਹੋ ਕੇ ਟਿਕਾਣੇ ਪੁੱਜੇ। ਅਰਸ਼ੀ ਦੇ ਸਿਰ ਤੋਂ ਟਰੰਕ ਲੁਹਾ ਕੇ ਸਾਥੀ ਕਹਿੰਦੇ, 'ਅਸੀਂ ਪਰਖ ਰਹੇ ਸੀ ਕਿ ਕੀ ਤੂੰ ਕਮਿਊਨਿਸਟ ਬਣ ਸਕੇਂਗਾ?'

14 ਅਪ੍ਰੈਲ 1964 ਨੂੰ ਸੁਬ੍ਹਾ ਡਰਾਮਾ ਸਕੂਐਡ ਦੇ ਸਾਥੀਆਂ ਨਾਲ ਪਾਰਟੀ ਦੀ ਲੀਡਰਸ਼ਿਪ ਵੀ ਕਾਮਰੇਡ ਜੱਗਰ ਸਿੰਘ ਦੇ ਘਰੇ ਬੈਠੇ ਸੀ